**‘ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ’**
**‘ਸਗਲ ਸ੍ਰਿਸਟ ਪੈ ਢਾਕੀ ਚਾਦਰ’**

ਨੌਂਵੇ ਸਤਿਗੁਰੂ

ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ

ਦਾ 350 ਸਾਲਾ ਸ਼ਹੀਦੀ ਦਿਵਸ,

ਇਸ ਸਾਲ 25 ਨਵੰਬਰ 2025 ਨੂੰ ਆ ਰਿਹਾ ਹੈ;

ਇਸ ਮਹਾਨ ਗੁਰੂ ਸਾਹਿਬ ਜੀ ਦੀ

ਮਹਾਨ ਸ਼ਹਾਦਤ ਨੂੰ

ਇਸ ਪੁਸਤਕ ਰਾਹੀਂ ਸ਼ਰਧਾ ਦੇ ਫ਼ੁੱਲ ਭੇਟ ਕਰ ਰਹੇ ਹਾਂ।

ਇਹ ਪੁਸਤਕ ਸਾਡੇ ਮਾਰਗ ਦਰਸ਼ਕ

‘ਸਿੰਘ ਸਾਹਿਬ ਜੀ’

ਵੱਲੋਂ ਬੱਚਿਆਂ ਦੇ ਗੁਰਮਤਿ ਮੁਕਾਬਲਿਆਂ ਲਈ

ਛਪਾਈ ਜਾਣ ਵਾਲੀ ਪੁਸਤਕ-ਮਾਲਾ ਦਾ ਇਕ ਅਣਮੁੱਲਾ ਮੋਤੀ ਹੈ,

ਜੋ ਉਹਨਾਂ ਦੇ ਸਰੀਰਕ ਵਿਛੋੜੇ ਤੋਂ ਬਾਅਦ

ਉਹਨਾਂ ਨੂੰ ਸਮਰਪਿਤ ਹੈ।


(ਸਿੰਘਣੀ ਜੀ)



ਕਲਕੱਤਾ ਦੇ ਵਿਕਟੋਰੀਆ ਮਿਊਜ਼ਿਮ ਵਿਚ ਪਈ
ਗੁਰੂ ਤੇਗ਼ ਬਹਾਦਰ ਸਾਹਿਬ ਦੀ ਇਤਿਹਾਸਿਕ ਪੇਂਟਿੰਗ
ਜਿਸ ਦਾ ਚਿਹਰਾ ਗੁਰੂ ਸਾਹਿਬ ਜੀ ਨੇ ਆਪ ਪੇਂਟ ਕੀਤਾ

# ਇਤਿਹਾਸ ਦੇ ਝਰੋਖੇ 'ਚੋਂ

ਇਸ ਧਰਤੀ ਉਪਰ ਪਸਰੀ 'ਕੂੜ ਦੀ ਪਾਲ' ਨੂੰ ਤੋੜਨ ਲਈ ਗੁਰੂ ਨਾਨਕ ਸਾਹਿਬ ਜੀ ਨੇ ਇਸ ਸੰਸਾਰ ਵਿਚ ਪ੍ਰਕਾਸ਼ ਧਾਰਿਆ। 1469 ਈਸਵੀ ਤੋਂ 1539 ਈਸਵੀ ਤੱਕ ਉਹਨਾਂ ਨੇ 'ਸੱਚ ਦਾ ਚੰਦਰਮਾਂ' ਬਣਕੇ ਜਗਤ ਨੂੰ ਪ੍ਰਕਾਸ਼ਮਾਨ ਕੀਤਾ ਅਤੇ ਇਸ ਧਰਤੀ ਉਪਰ ਵਹਿਮਾਂ-ਭਰਮਾਂ ਦੀ ਫ਼ੈਲੀ ਧੁੰਦ ਨੂੰ ਖ਼ਤਮ ਕਰਨ ਲਈ ਅਤੇ 'ਜਲਤੀ ਪ੍ਰਿਥਮੀ' ਤੇ 'ਧਰਤ ਲੋਕਾਈ' ਨੂੰ 'ਸੋਧਣ' ਲਈ ਇਸ ਸੰਸਾਰ ਵਿਚ ਲੱਗਭੱਗ 28 ਹਜ਼ਾਰ ਕਿਲੋਮੀਟਰ ਦੀ ਪੈਦਲ ਯਾਤਰਾ ਕੀਤੀ। ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਦੀ 24ਵੀਂ ਪਉੜੀ ਵਿਚ ਲਿਖਦੇ ਹਨ:



'ਬਾਬਾ ਦੇਖੈ ਧਿਆਨ ਧਰਿ,  
ਜਲਤੀ ਸਭਿ ਪ੍ਰਿਥਮੀ ਦਿਸ ਆਈ॥  
ਬਾਝਹੁ ਗੁਰੂ ਗੁਬਾਰ ਹੈ,  
ਹੈ ਹੈ ਕਰਦੀ ਸੁਣੀ ਲੋਕਾਈ॥  
ਬਾਬੇ ਭੇਖ ਬਣਾਇਆ,  
ਉਦਾਸੀ ਦੀ ਰੀਤ ਚਲਾਈ॥  
ਚੜ੍ਹਿਆ ਸੋਧਣ ਧਰਤ ਲੋਕਾਈ॥ '

ਉਹਨਾਂ ਦੀ ਇਸ ਯਾਤਰਾ ਦੌਰਾਨ ਦੂਰ ਦੂਰ ਤੱਕ 'ਨਾਨਕ ਨਾਮ ਲੇਵਾ' ਸੰਗਤ ਬਣ ਗਈ। ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਉਹਨਾਂ ਨੇ ਆਪਣੀ ਜੋਤ ਬਾਬਾ ਲਹਿਣਾ ਜੀ ਨੂੰ ਸੌਂਪ ਦਿੱਤੀ ਅਤੇ ਉਹਨਾਂ ਨੂੰ ਸਿੱਖਾਂ ਦੇ ਦੂਜੇ ਗੁਰੂ ਅੰਗਦ ਦੇਵ ਬਣਾ ਕੇ ਉਹਨਾਂ ਦੇ ਚਰਨਾਂ ਤੇ ਮੱਥਾ ਟੇਕ ਦਿੱਤਾ। ਭਾਈ ਬਲਵੰਡ ਜੀ ਦੀ ਵਾਰ ਦੀ ਪੰਕਤੀ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਅਨੁਸਾਰ ਗੁਰੂ ਨਾਨਕ ਸਾਹਿਬ ਦੀ ਜੋਤ ਗੁਰੂ ਅਮਰ ਦਾਸ ਅਤੇ ਗੁਰੂ ਰਾਮ ਦਾਸ ਜੀ ਵਿਚ ਪ੍ਰਗਟ ਹੋਈ ਅਤੇ ਉਹ ਗੁਰੂ ਪਦਵੀ ਤੇ ਬਿਰਾਜਮਾਨ ਹੋਏ। ਗੁਰੂ ਅਮਰ ਦਾਸ ਜੀ ਨੇ 'ਮੰਜੀ ਪ੍ਰਥਾ' ਰਾਹੀਂ ਅਤੇ ਗੁਰੂ ਰਾਮ ਦਾਸ ਜੀ ਨੇ 'ਮਸੰਦ ਪ੍ਰਥਾ' ਰਾਹੀਂ ਸਾਰੀ ਸੰਗਤ ਨਾਲ ਮੇਲ ਜੋਲ ਬਣਾਈ ਰੱਖਿਆ। ਬਾਅਦ ਵਿਚ ਸਿਖਾਂ ਦੀ ਕਮਾਂਡ ਪੰਚਮ ਪਿਤਾ ਗੁਰੂ ਅਰਜਨ ਦੇਵ ਜੀ ਕੋਲ ਪਹੁੰਚ ਚੁੱਕੀ ਸੀ। ਇਸ ਸਮੇਂ ਦੌਰਾਨ ਉਹਨਾਂ ਹਰ ਉਸ ਝੂਠ, ਪਾਖੰਡ ਅਤੇ ਅਤਿਆਚਾਰ ਨਾਲ ਟੱਕਰ ਲਈ, ਜਿਸਨੂੰ ਭਾਂਵੇ ਬ੍ਰਹਾਮਣਾਂ ਨੇ ਫ਼ੈਲਾਇਆ ਹੋਵੇ ਭਾਂਵੇ ਮੌਲਵੀਆਂ ਨੇ। ਭਾਂਵੇਂ ਜੋਗੀਆਂ ਨੇ ਤੇ ਭਾਂਵੇਂ ਸਰਵਰੀਆਂ

ਨੇ। ਉਹ ਕਿਸੇ ਰਾਜਸੀ ਤਾਕਤ ਦੀ ਆੜ ਵਿਚ ਹੋਣ ਵਾਲੇ ਕੰਮਾਂ ਦੇ ਸਖਤ ਵਿਰੁਧ ਸਨ। ਗੁਰੂ ਸਾਹਿਬ ਜੀ ਦੇ ਮਿਸ਼ਨ ਅਨੁਸਾਰ ਇਹ ਸੱਭ 'ਕੂੜ ਦੀ ਪਾਲ' (ਝੂਠ ਦੀ ਕੰਧ) ਦਾ ਹੀ ਰੂਪ ਸੀ।

ਲੋਧੀ ਖਾਨਦਾਨ ਤੋਂ ਬਾਅਦ ਬਾਬਰ ਅਤੇ ਅਕਬਰ ਰਾਹੀਂ ਰਾਜਸੀ ਤਾਕਤ ਹੁਣ ਜਹਾਂਗੀਰ ਕੋਲ ਆ ਗਈ ਸੀ। ਉਸ ਨੇ ਅਕਬਰ ਦੇ ਨਿਆਂ ਅਤੇ ਧਰਮ ਨਿਰਪੱਖ ਰਾਜ ਦੇ ਸਿਧਾਂਤ ਹੁਣ ਬਦਲ ਲਏ ਸਨ। ਜਹਾਂਗੀਰ ਕੰਨਾਂ ਦਾ ਕੱਚਾ ਸੀ। ਗੁਰੂ ਸਾਹਿਬਾਨ ਦਾ ਸਚਿਆਰਾਤਾ ਵਾਲਾ ਪੱਖ ਉਸ ਨੂੰ ਚੰਗਾ ਨਹੀਂ ਸੀ ਲਗਦਾ। ਉਸ ਦੇ ਵਜ਼ੀਰਾਂ ਅਤੇ ਸਲਾਹਕਾਰਾਂ ਨੇ ਉਸ ਨੂੰ ਦੱਸਿਆ ਕਿ ਸਿੱਖੀ ਹੁਣ ਕੇਵਲ ਗੋਇੰਦਵਾਲ ਤੱਕ ਹੀ ਸੀਮਤ ਨਹੀਂ ਰਹੀ। ਕੇਵਲ ਹਿੰਦੂ ਹੀ ਉਸ ਦੇ ਸੇਵਕ ਨਹੀਂ। ਹੁਣ ਤਾਂ ਕਈ ਮੁਸਲਮਾਨ ਵੀ ਨਾ ਕੇਵਲ ਉਸ ਦੇ ਦਰਬਾਰ ਜਾਂਦੇ ਹਨ, ਬਲਿਕ ਕਈ ਪੀਰ ਵੀ ਉਸ ਨੂੰ ਸਿਜਦਾ ਕਰਨ ਪਹੁੰਚ ਜਾਂਦੇ ਹਨ। ਜਹਾਂਗੀਰ ਨੇ ਖ਼ੁਦ ਇਹ ਗੱਲ ਕਬੂਲ ਕੀਤੀ ਕਿ ਉਹ ਗੁਰੂ ਅਰਜਨ ਨੂੰ ਐਸੇ ਪ੍ਰਚਾਰ ਦੀ ਆਗਿਆ ਨਹੀਂ ਸੀ ਦੇ ਸਕਦਾ ਕਿ ਭਾਰਤੀ ਜੰਤਾ, ਹਿੰਦੂ ਅਤੇ ਮੁਸਲਮਾਨ ਉਸ ਦੇ ਸੱਚ ਦੇ ਮਾਰਗ ਤੇ ਚੱਲਣ। ਉਹ ਬੜੀ ਦੇਰ ਤੋਂ ਇਹ ਸੋਚ ਰਿਹਾ ਸੀ ਕਿ ਇਸ ਕੂੜ ਦੀ ਦੁਕਾਨ ਨੂੰ ਬੰਦ ਕਰ ਦਿੱਤਾ ਜਾਵੇ। ਇਸ ਮੁੱਖ ਕਾਰਨ ਅਤੇ ਚੰਦੂ ਵੱਲੋਂ ਕਹੀਆਂ ਕੁੱਝ ਹੋਰ ਗੱਲਾਂ ਨੂੰ ਬਹਾਨਾ ਬਣਾ ਕੇ ਗੁਰੂ ਅਰਜਨ ਦੇਵ ਜੀ ਨੂੰ 30 ਮਈ 1606 ਈਸਵੀ ਨੂੰ ਸ਼ਹੀਦ ਕਰ ਦਿੱਤਾ ਗਿਆ।

ਹੁਣ ਸਮਾਂ ਆ ਗਿਆ ਸੀ, ਜਦੋਂ ਧਾਰਮਿਕ ਅਤੇ ਰਾਜਸੀ ਸ਼ਕਤੀ ਨੂੰ ਇਕ-ਮਿਕ ਕੀਤਾ ਜਾਵੇ। 11 ਜੂਨ, 1606 ਈਸਵੀ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਗੁਰੂ ਗੱਦੀ ਤੇ ਸੁਸ਼ੋਭਿਤ ਹੋਏ। ਬਾਬਾ ਬੁੱਢਾ ਜੀ ਨੇ ਉਹਨਾਂ ਨੂੰ ਗੁਰਿਆਈ ਦਾ ਤਿਲਕ ਲਗਾਇਆ ਅਤੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ। ਗੁਰੂ ਸਾਹਿਬ ਜੀ ਨੇ ਦਿੱਲੀ ਦੇ ਤਖ਼ਤ ਤੋਂ ਉਚੇ ਤਖ਼ਤ ਦੀ ਸਥਾਪਨਾ ਕੀਤੀ, ਜਿਸ ਨੂੰ ਅਕਾਲ ਦਾ ਤਖ਼ਤ ਕਿਹਾ ਗਿਆ। ਇਸ ਤਖ਼ਤ ਨੂੰ ਬਣਾਉਣ ਸਮੇਂ ਪਹਿਲੀ ਇੱਟ ਗੁਰੂ ਸਾਹਿਬ ਜੀ ਨੇ ਆਪ ਰੱਖੀ। ਅਕਾਲ ਦੇ ਇਸ ਤਖ਼ਤ ਦੀ ਸੇਵਾ ਨੂੰ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੇ ਉਹਨਾਂ ਦੇ ਨਾਲ ਮਿਲ ਕੇ ਸੰਪੂਰਨ ਕੀਤਾ। ਅਕਾਲ ਤਖ਼ਤ ਰਾਜਸੀ ਸ਼ਕਤੀ ਦਾ ਪ੍ਰਤੀਕ ਹੈ। ਸਾਡਾ ਇਤਿਹਾਸ ਇਸ ਮਹਾਨ ਘਟਨਾ ਦੀ ਗਵਾਹੀ ਭਰਦਾ ਹੈ ਕਿ ਕਿਸੇ ਰਾਜ ਮਿਸਤਰੀ ਜਾਂ ਹੋਰ ਕਿਸੇ ਸਿੱਖ ਤੋਂ ਇਸ ਤਖ਼ਤ ਦੀ ਉਸਾਰੀ ਸਮੇਂ ਕੋਈ ਸਹਾਇਤਾ ਨਹੀਂ ਲਈ ਗਈ। ਗੁਰੂ ਸਾਹਿਬ ਜੀ ਨੇ ਸਾਰੇ ਪਾਸੇ ਇਹ ਹੁਕਮਨਾਮੇ ਭੇਜੇ ਕਿ ਗੁਰੂ ਦਰਬਾਰ ਵਿਚ ਚੰਗੇ ਹਥਿਆਰ, ਘੋੜੇ ਅਤੇ ਜਵਾਨੀ ਭੇਟ ਕੀਤੀ ਜਾਵੇ। ਉਹ ਜਵਾਨ ਆਪਣੇ ਆਪ ਨੂੰ ਸੇਵਾ ਲਈ ਹਾਜ਼ਰ ਕਰਨ, ਜੋ ਲੋੜ ਪੈਣ ਤੇ ਆਪਣੀ ਜਾਨ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਨਿਛਾਵਰ ਕਰ ਸਕਣ। ਸਿੱਖ ਸੰਗਤ ਵਿਚ ਜੋਸ਼ ਭਰਨ ਲਈ ਢਾਡੀ ਵਾਰਾਂ ਗਾਇਨ ਕਰਨ ਦੀ ਪ੍ਰਥਾ ਆਰੰਭ ਕੀਤੀ ਗਈ।

ਜਦੋਂ ਇਹ ਸਾਰੀਆਂ ਖ਼ਬਰਾਂ ਸ਼ਹਿਨਸ਼ਾਹ ਜਹਾਂਗੀਰ ਕੋਲ ਪੁੱਜੀਆਂ ਤਾਂ ਗੁਰੂ ਹਰਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਦਿੱਤਾ ਗਿਆ। ਗੁਰੂ ਸਾਹਿਬ ਜੀ ਨੂੰ ਇਸ ਕਿਲੇ ਵਿਚ ਲੱਗਭੱਗ 3 ਸਾਲ ਰੱਖਿਆ ਗਿਆ। ਬਾਬਾ ਬੁੱਢਾ ਜੀ ਨੇ ਇਸ ਦੇ ਵਿਰੋਧ ਵਿਚ ਪਿੰਡਾਂ ਅਤੇ ਨਗਰਾਂ ਵਿਚ ਪ੍ਰਚਾਰ ਕਰਕੇ ਸ੍ਰੀ ਅੰਮ੍ਰਿਤਸਰ ਤੋਂ ਗਵਾਲੀਅਰ ਤੱਕ ਚੌਂਕੀ ਕੱਢਣੀ ਸ਼ੁਰੂ ਕਰ ਦਿੱਤੀ ਸੀ। ਇਸ ਨਾਲ ਗੁਰੂ ਸਾਹਿਬ ਜੀ ਦਾ ਜੱਸ ਪਹਿਲਾਂ ਤੋਂ ਵੀ ਵਧੇਰੇ ਫ਼ੈਲ ਗਿਆ। ਜਹਾਂਗੀਰ ਇਸ ਨਾਲ ਹੋਰ ਪ੍ਰੇਸ਼ਾਨ ਹੋ ਗਿਆ। ਰਾਤ ਨੂੰ ਭੈੜੇ ਭੇੜੇ ਸੁਪਨੇ ਵੀ ਆਉਣ ਲੱਗ ਪਏ।

ਉਸ ਦੀ ਪਤਨੀ ਨੂਰ ਜਹਾਂ ਮੀਆਂ ਮੀਰ ਜੀ ਦੀ ਸ਼ਰਧਾਲੂ ਸੀ। ਉਹਨਾਂ ਕੋਲੋਂ ਉਸ ਨੇ ਗੁਰੂ ਘਰ ਦੀ ਸੋਭਾ ਸੁਣੀ ਹੋਈ ਸੀ। ਉਹ ਸਮਝ ਚੁੱਕੀ ਸੀ ਕਿ 'ਖ਼ੁਦਾ-ਰੂਪ' ਗੁਰੂ ਜੀ ਨੂੰ ਬੰਦੀਖ਼ਾਨੇ ਵਿਚ ਰੱਖਣ ਕਾਰਨ ਉਹ ਪ੍ਰੇਸ਼ਾਨ ਹੈ। ਉਸਨੇ ਮੀਆਂ ਮੀਰ ਜੀ ਨੂੰ ਬੁਲਾ ਕੇ ਜਹਾਂਗੀਰ ਨੂੰ ਸਮਝਾਇਆ। ਬੰਸਾਵਲੀ ਨਾਮੇ ਵਿਚ ਲਿਖਿਆ ਹੈ:

'ਨੂਰ ਜਹਾਂ ਬੇਗਮ ਖ਼ਾਵੰਦ ਨੂੰ ਕਿਹਾ ਐਸੇ।
ਫ਼ਕੀਰ ਜਾਤ ਹੈ ਸਾਂਈਂ ਦੀ ਸਾਂਈਂ ਜੈਸੇ।
ਕੈਦ ਨਹੀਂ ਕਰੀਏ ਕਹੇ ਕਹਾਏ।
ਫ਼ਕੀਰ ਦੀ ਮਾਰੀ ਕੋਈ ਨਾ ਹਟਾਏ'।

ਗੁਰੂ ਸਾਹਿਬ ਜੀ ਨੂੰ ਨਾ ਕੇਵਲ 52 ਰਾਜਿਆਂ ਸਮੇਤ ਰਿਹਾ ਕਰਨਾ ਪਿਆ, ਸਗੋਂ ਜਹਾਂਗੀਰ ਨੇ ਗੁਰੂ ਸਾਹਿਬ ਜੀ ਕੋਲੋਂ ਮੁਆਫ਼ੀ ਵੀ ਮੰਗੀ। ਇਸ ਤਰ੍ਹਾਂ ਉਸ ਦਾ ਗੁਰੂ ਘਰ ਨਾਲ ਵਿਹਾਰ ਮਿਤਰਤਾ ਵਾਲਾ ਹੋ ਗਿਆ। ਤਕਰੀਬਨ 12 ਕੁ ਸਾਲ ਜਹਾਂਗੀਰ ਦੀ ਮੌਤ ਤੱਕ ਮਾਹੌਲ ਅਮਨ ਚੈਨ ਵਾਲਾ ਬਣਿਆ ਰਿਹਾ। ਜਿਸ ਕਾਰਨ ਗੁਰੂ ਸਾਹਿਬ ਜੀ ਸਿੱਖੀ ਦੇ ਪ੍ਰਚਾਰ ਵੱਲ ਧਿਆਨ ਦੇ ਸਕੇ।

********************

## ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
59 ਸ਼ਬਦ ਅਤੇ ਇਕ ਦੋਹਰੇ ਸਮੇਤ 57 ਸਲੋਕ ਦਰਜ ਹਨ।
ਗੁਰੂ ਸਾਹਿਬ ਜੀ ਨੇ ਇਹ ਬਾਣੀ 15 ਰਾਗਾਂ ਵਿਚ ਉਚਾਰੀ ਹੈ।
14 ਰਾਗ ਉਹਨਾਂ ਤੋਂ ਪਹਿਲੇ ਗੁਰੂ ਸਾਹਿਬਾਨ ਨੇ ਗਾਏ ਹੋਏ ਸਨ।
ਇਕ ਰਾਗ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗਾਇਨ ਕੀਤਾ।
ਇਹ ਰਾਗ ਜੈਜੈਵੰਤੀ ਹੈ। ਇਸ ਵਿਚ ਉਹਨਾਂ ਦੇ 4 ਸ਼ਬਦ ਹਨ।
ਗਉੜੀ ਰਾਗ ਵਿਚ 9, ਆਸਾ ਰਾਗ ਵਿਚ 1, ਦੇਵਗੰਧਾਰੀ ਰਾਗ ਵਿਚ 3,
ਰਾਗ ਬਿਹਾਗੜਾ ਵਿਚ 1, ਰਾਗ ਸੋਰਠਿ ਵਿਚ 12, ਧਨਾਸਰੀ ਰਾਗ ਵਿਚ 4,
ਜੈਤਸਰੀ ਰਾਗ ਵਿਚ 3, ਰਾਗ ਟੋਡੀ ਵਿਚ 1,
ਤਿਲੰਗ, ਬਿਲਾਵਲ, ਰਾਮਕਲੀ ਤੇ ਮਾਰੂ ਰਾਗ ਵਿਚ 3-3, ਬਸੰਤ ਰਾਗ ਵਿਚ 5,
ਅਤੇ ਰਾਗ ਸਾਰੰਗ ਵਿਚ 4 ਸ਼ਬਦ ਹਨ।

# ਪ੍ਰਕਾਸ਼ ਸ੍ਰੀ ਗੁਰੂ ਤੇਗ ਬਹਾਦਰ ਜੀ

1 ਅਪ੍ਰੈਲ 1621 ਈਸਵੀ ਦਾ ਸੂਰਜ ਭਾਰਤ ਵਾਸੀਆਂ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਇਕ ਨਵੀਂ ਕਿਰਨ ਲੈ ਕੇ ਚੜ੍ਹਿਆ। ਦੇਸੀ ਸਾਲ ਅਨੁਸਾਰ ਇਹ ਸੰਮਤ 1677 ਦੇ ਵੈਸਾਖ ਮਹੀਨੇ ਦੀ 5 ਵਦੀ ਬਣਦੀ ਹੈ। ਇਸ ਵਿਸ਼ੇਸ਼ ਦਿਨ ਸ੍ਰੀ ਅੰਮ੍ਰਿਤਸਰ ਵਿਖੇ 'ਗੁਰੂ ਕੇ ਮਹਿਲ' ਵਿਚ ਮੀਰੀ – ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਨਾਨਕੀ ਜੀ ਦੀ ਕੁੱਖ ਤੋਂ ਅੰਮ੍ਰਿਤ ਵੇਲੇ ਇਕ ਬਾਲਕ ਨੇ ਪ੍ਰਕਾਸ਼ ਧਾਰਿਆ। ਇਸ ਸਮੇਂ ਗੁਰੂ ਸਾਹਿਬ ਜੀ ਦਰਬਾਰ ਸਾਹਿਬ ਵਿਚ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਸਰਵਣ ਕਰ ਰਹੇ ਸਨ। ਕਿਸੇ ਸਿੱਖ ਨੇ ਇਸ ਬਾਰੇ ਬਾਬਾ ਬੁੱਢਾ ਜੀ ਨੂੰ ਦੱਸਿਆ, ਜਿਹਨਾਂ ਗੁਰੂ ਸਾਹਿਬ ਜੀ ਕੋਲ ਜਾਕੇ



ਇਹ ਖੁਸ਼ਖ਼ਬਰੀ ਸੁਣਾਈ। ਗੁਰੂ ਸਾਹਿਬ ਜੀ ਨੇ ਦਰਬਾਰ ਵਿਚ ਸੁਸ਼ੋਭਿਤ ਪੋਥੀ ਸਾਹਿਬ ਨੂੰ ਹੱਥ ਜੋੜ ਕੇ ਸੀਸ ਝੁਕਾ ਕੇ ਸ਼ੁਕਰਾਨਾ ਕੀਤਾ। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸ ਸਮੇਂ ਪੋਥੀ ਸਾਹਿਬ ਕਿਹਾ ਜਾਂਦਾ ਸੀ, ਕਿਉਂਕਿ ਪੋਥੀ ਸਾਹਿਬ ਨੂੰ ਗੁਰੂ ਪਦਵੀ ਦਸਮ ਪਾਤਸ਼ਾਹ ਜੀ ਨੇ ਨਾਂਦੇੜ ਵਿਖੇ 1708 ਈਸਵੀ ਨੂੰ ਦਿਤੀ ਸੀ।)

ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਤੋਂ ਪਿਛੋਂ ਗੁਰੂ ਸਾਹਿਬ ਜੀ ਕੁਝ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਕੇ ਮਹਿਲ ਪਹੁੰਚੇ। ਗੁਰੂ ਸਾਹਿਬ ਜੀ ਨੇ ਬਾਲਕ ਨੂੰ ਆਪਣੀ ਗੋਦ ਵਿਚ ਲੈ ਕੇ ਪਹਿਲਾਂ ਸੀਸ ਝੁਕਾਇਆ, ਫਿਰ ਮੱਥਾ ਚੁੰਮਿਆਂ। ਇਸ ਪਿਛੋਂ ਉਹਨਾਂ ਨੇ ਬਾਲਕ ਦੇ ਚਰਨਾਂ ਤੇ ਮੱਥਾ ਟੇਕਿਆ। ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਇਹ ਵੇਖ ਰਹੇ ਸਨ, ਉਹਨਾਂ ਨੇ ਅੱਖਾਂ ਬੰਦ ਕਰ ਲਈਆਂ, ਮਾਨੋ ਭੱਵਿਖ ਨੂੰ ਵੇਖ ਰਹੇ ਹੋਣ ਪਰ ਭਾਈ ਬਿਧੀ ਚੰਦ ਨੇ ਗੁਰੂ ਸਾਹਿਬ ਜੀ ਨੂੰ ਪੁੱਛ ਹੀ ਲਿਆ ਕਿ ਇਸ ਬਾਲਕ ਦੇ ਪੈਰਾਂ ਨਾਲ ਮੱਥਾ ਛੁਹਾਉਣ ਦਾ ਕੀ ਕਾਰਨ ਹੈ? ਗੁਰੂ ਸਾਹਿਬ ਜੀ ਨੇ ਕਿਹਾ,"ਸਾਡਾ ਇਹ ਪੁੱਤਰ ਬਹੁਤ ਬਲੀ, ਸੂਰਬੀਰ ਅਤੇ ਤੇਗ ਦਾ ਧਨੀ ਹੋਵੇਗਾ। ਇਸ ਦਾ ਨਾਮ ਅਸੀਂ ਤੇਗ ਬਹਾਦਰ ਰੱਖਦੇ ਹਾਂ।" ਇਕ ਵਿਦਵਾਨ ਨੇ ਇਸ ਬਾਰੇ ਆਪਣੇ ਵਿਚਾਰ ਦਿੰਦੇ ਹੋਏ ਇਹ ਲਿਖਿਆ ਕਿ ਗੁਰਗੱਦੀ ਦੀ ਰਸਮ ਵੇਲੇ ਜਿਸ ਵੀ ਗੁਰੂ ਸਾਹਿਬ ਨੇ ਜੋਤ ਆਪਣੇ ਤੋਂ ਅਗਲੇ ਗੁਰੂ ਸਾਹਿਬ ਵਿਚ ਟਿਕਾਈ ਤਾਂ ਫਿਰ ਉਹਨਾਂ ਨੇ ਸੱਭ ਤੋਂ ਪਹਿਲਾਂ ਚਰਨਾਂ ਉਪਰ ਨਮਸਕਾਰ ਕੀਤੀ। ਪਰ ਅੰਤਰਜਾਮੀ ਛੇਵੇਂ ਗੁਰੂ ਨਾਨਕ ਇਹ ਜਾਣਦੇ ਸਨ ਕਿ ਨੌਂਵੇ ਗੁਰੂ ਨਾਨਕ ਸਾਹਿਬ ਨੂੰ ਗੁਰਗੱਦੀ ਦੀ ਰਸਮ ਸਮੇਂ ਅੱਠਵੇਂ ਗੁਰੂ ਨਾਨਕ ਭਾਵ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਉਥੇ ਮੌਜੂਦ ਨਹੀਂ ਹੋਣਗੇ, ਇਸ ਲਈ ਗੁਰੂ ਸਾਹਿਬ ਜੀ ਨੇ ਅੱਜ ਹੀ ਚਰਨਾਂ ਤੇ ਨਮਸਕਾਰ ਕਰ ਦਿੱਤੀ ਹੈ ਕਿਉਂਕਿ ਜੋਤ ਤਾਂ ਉਹੀ ਹੈ।

ਬਾਬਾ ਬੁੱਢਾ ਜੀ ਨੇ ਆਸ਼ੀਰਵਾਦ ਦਿੰਦੇ ਹੋਏ ਇਹ ਬਚਨ ਕਹੇ,"ਇਹ ਮੇਰੇ ਧੰਨ ਭਾਗ ਹਨ ਕਿ ਮੈਂ ਇਸ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਲਈ ਹੀ ਲੰਮੀ ਉਮਰਾ ਭੋਗ ਰਿਹਾ ਹਾਂ। ਇਹ ਬਾਲਕ ਸੱਚਾ ਰਾਖਾ ਬਣ ਕੇ ਜੀਵਨ ਬਤੀਤ ਕਰਦੇ ਹੋਏ ਆਪਣਾ ਬਲੀਦਾਨ ਦੇ ਦੇਵੇਗਾ।" ਇਸ ਤੋਂ ਪਹਿਲਾਂ ਉਹਨਾਂ ਦੇ ਘਰ ਚਾਰ ਪੁੱਤਰ - ਬਾਬਾ ਗੁਰਦਿੱਤਾ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਜੀ, ਬਾਬਾ ਸੂਰਜ ਮੱਲ ਜੀ ਅਤੇ ਇੱਕ ਪੁੱਤਰੀ ਬੀਬੀ ਵੀਰੋ ਜੀ ਸਨ।

ਵੱਡੀ ਭੈਣ ਵੀਰੋ ਛੋਟੇ ਭਰਾ ਨੂੰ ਬਹੁਤ ਲਾਡ ਲਡਾਂਉਂਦੀ। ਸਾਰੇ ਵੀਰ ਉਸ ਨੂੰ ਬਹੁਤ ਪਿਆਰ ਕਰਦੇ। ਕੋਈ ਵੀਰ ਆਉਂਦਾ ਜਾਂਦਾ ਮੂੰਹ ਚੁੰਮ ਜਾਂਦਾ। ਕੋਈ ਲਾਡ ਨਾਲ ਮੂੰਹ ਤੇ ਚਪਾਤ ਮਾਰ ਜਾਂਦਾ। ਭੈਣ ਵੀਰੋ ਉਹਨਾਂ ਦੀਆਂ ਇਹਨਾਂ ਹਰਕਤਾਂ ਤੋਂ ਖਿਝ ਕੇ ਮਾਤਾ ਨਾਨਕੀ ਜੀ ਨੂੰ ਸ਼ਿਕਾਇਤ ਜਾ ਲਾਉਂਦੀ। ਮਾਤਾ ਜੀ ਉਹਨਾਂ ਸਾਰਿਆਂ ਨੂੰ ਪਿਆਰ ਨਾਲ ਝਿੜਕ ਵੀ ਦੇਂਦੀ ਤੇ ਵੀਰੋ ਨੂੰ ਵੀ ਆਖਦੀ ਕਿ ਕੋਈ ਗੱਲ ਨਹੀਂ ਬੱਚੀਏ; ਉਹ ਵੀ ਉਸ ਨੂੰ ਪਿਆਰ ਹੀ ਕਰਦੇ ਹਨ।

************************

# ਬਾਲ ਅਵਸਥਾ ਤੇ ਵਿਦਿਆ ਪੜ੍ਹਾਈ

ਬਚਪਨ ਵਿਚ (ਗੁਰੂ) ਤੇਗ ਬਹਾਦਰ ਸਾਹਿਬ ਜ਼ਿਆਦਾਤਰ ਚੁੱਪ ਹੀ ਰਹਿੰਦੇ ਸਨ। ਭਾਈ ਗੁਰਦਾਸ ਜੀ ਦੀ 12ਵੀਂ ਵਾਰ ਦੀ ਚੌਥੀ ਪਉੜੀ ਦੀਆਂ 2 ਪੰਕਤੀਆਂ ਹਨ "ਹਉ ਤਿਸ ਘੋਲ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ॥ ਗੁਰਮੁਖਿ ਸੋਈ ਸਹਿਜ ਸਮਾਵੈ॥" ਇਹ ਪੰਕਤੀਆਂ ਉਹਨਾਂ ਦੇ ਸੁਭਾਅ ਨਾਲ ਮੇਲ ਖਾਂਦੀਆਂ ਸਨ। 4 ਸਾਲ ਦੀ ਉਮਰ ਤੱਕ ਉਹ ਉਸ ਸਮੇਂ ਕੀਤਾ ਜਾਣ ਵਾਲਾ ਪੂਰਾ ਨਿੱਤਨੇਮ ਕਰਨ ਲੱਗ ਗਏ ਸਨ। ਦੀਵਾਨ ਵਿਚ ਵੀ ਉਹ ਉਥੇ ਬੈਠਦੇ ਸਨ ਜਿਥੇ ਕਿ ਗੁਰੂ ਸਾਹਿਬ ਦੀ ਨਜ਼ਰ ਉਹਨਾਂ ਉਪਰ ਬਣੀ ਰਹੇ ਤਾਂ ਕਿ ਜੇਕਰ ਉਹ ਕਿਸੇ ਸੇਵਾ ਲਈ ਕਹਿਣ, ਤਾਂ ਸੱਭ ਤੋਂ ਪਹਿਲਾਂ ਉਹਨਾਂ ਨੂੰ ਹੀ ਕਹਿਣ। ਦੀਵਾਨ ਤੋਂ ਬਾਅਦ ਵੀ ਪ੍ਰਭੂ ਦੀ ਯਾਦ ਵਿਚ ਕਈ ਕਈ ਘੰਟੇ ਸਮਾਧੀ ਵਿਚ ਹੀ ਬੈਠੇ ਰਹਿੰਦੇ ਸਨ। ਜਦੋਂ ਸਮਾਧੀ ਤੋਂ ਉਠਦੇ ਤਾਂ ਵੀ ਕੋਈ ਗੱਲ ਨਾ ਕਰਦੇ। ਬੱਚਿਆਂ ਨਾਲ ਵੀ ਘੱਟ ਹੀ ਖੇਡਦੇ। ਮਾਤਾ ਨਾਨਕੀ ਜੀ ਬਾਲਕ ਦੀ ਅਜਿਹੀ ਅਵਸਥਾ ਦੇਖ ਕੇ ਪ੍ਰੇਸ਼ਾਨ ਹੋ ਜਾਂਦੇ ਸਨ। ਇਕ ਦਿਨ ਮਾਤਾ ਨਾਨਕੀ ਜੀ ਨੇ ਮੌਕਾ ਵੇਖ ਕੇ ਗੁਰੂ ਸਾਹਿਬ ਜੀ ਨਾਲ ਗੱਲ ਕੀਤੀ ਕਿ ਤੇਗ ਬਹਾਦਰ ਹੋਰ ਬੱਚਿਆਂ ਦੀ ਤਰ੍ਹਾਂ ਖੇਡਦਾ ਨਹੀਂ। ਨਾ ਹੀ ਕੋਈ ਗੱਲ ਕਰਦਾ ਹੈ। ਇਸ ਤਰ੍ਹਾਂ ਮਸਤ ਜਿਹਾ ਕਿਉਂ ਬੈਠਾ ਰਹਿੰਦਾ ਹੈ? ਗੁਰੂ ਹਰਗੋਬਿੰਦ ਸਾਹਿਬ ਜੀ ਨੇ ਉਹਨਾਂ ਨੂੰ ਮੁਸਕਰਾ ਕੇ ਕਿਹਾ,"ਇਹ ਉਸ ਮਹਾਨ ਕਾਰਜ ਦੀ ਤਿਆਰੀ ਕਰ ਰਿਹਾ ਹੈ, ਜੋ ਇਸ ਨੇ ਵੱਡਾ ਹੋ ਕੇ ਕਰਨਾ ਹੈ। ਤੁਹਾਨੂੰ ਹੋਰ ਦੱਸੀਏ! ਇਸ ਬੱਚੇ ਨੇ ਜਨਮ ਤੋਂ ਹੀ ਬ੍ਰਹਮ ਦੀ ਪਛਾਣ ਕੀਤੀ ਹੋਈ ਹੈ।"

(ਗੁਰੂ) ਤੇਗ ਬਹਾਦਰ ਜੀ ਜਦੋਂ ਥੋੜਾ ਹੋਰ ਵੱਡੇ ਹੋਏ ਤਾਂ ਉਹਨਾਂ ਨੂੰ ਪੜ੍ਹਾਈ ਵਾਸਤੇ ਬਾਬਾ ਬੁੱਢਾ ਜੀ ਕੋਲ ਭੇਜਿਆ ਗਿਆ। ਛਟਮ ਪੀਰ ਜੀ ਦਾ ਇਹ ਵਿਚਾਰ ਸੀ ਕਿ ਛੋਟੇ ਹੁੰਦੇ ਤੋਂ ਹੀ ਉਹ ਹੱਥੀਂ ਕੀਤੀ ਕਿਰਤ ਨੂੰ ਵੇਖ ਸਕਣ ਅਤੇ ਉਸ ਦੀ ਮਹੱਤਤਾ ਨੂੰ ਸਮਝ ਸਕਣ। ਪਹਿਲੀ ਪੱਟੀ ਬਾਬਾ ਬੁੱਢਾ ਜੀ ਨੇ ਆਪ ਉਹਨਾਂ ਦਾ ਹੱਥ ਫ਼ੜ ਕੇ ਲਿਖਾਈ। 4 ਕੁ ਸਾਲ ਉਹ ਮੁੱਢਲੀ ਪੜ੍ਹਾਈ ਅਤੇ ਬਾਣੀ ਦੀ ਸੰਥਿਆ ਕਰਾਉਣ ਤੋਂ ਪਿਛੋਂ ਆਪਣੀ ਵਡੇਰੀ ਉਮਰ ਹੋਣ ਕਾਰਨ ਗੁਰੂ ਹਰਗੋਬਿੰਦ ਸਾਹਿਬ ਜੀ ਕੋਲੋਂ ਆਗਿਆ ਲੈ ਕੇ ਆਪਣੇ ਪਿੰਡ ਰਮਦਾਸ ਚਲੇ ਗਏ। ਵੇਦਾਂ ਅਤੇ ਸ਼ਾਸ਼ਤਰਾਂ ਦੀ ਅਗਲੀ ਪੜ੍ਹਾਈ ਭਾਈ ਗੁਰਦਾਸ ਜੀ ਨੇ ਕਰਵਾਈ।



ਇਹ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਵੱਲੋਂ ਦਿੱਤੀ ਸਿੱਖਿਆ ਦਾ ਹੀ ਸਿੱਟਾ ਸੀ ਕਿ ਮਹਿਮਾਂ ਪ੍ਰਕਾਸ਼ ਦੇ ਲਿਖਾਰੀ ਨੂੰ ਇਹ ਲਿਖਣਾ ਪਿਆ ਕਿ (ਗੁਰੂ) ਤੇਗ਼ ਬਹਾਦਰ ਜੀ ਗਿਆਨ ਦਾ ਸਿਖ਼ਰ ਸਨ। ਹਿਰਦੇ ਵਿਚ ਉਹਨਾਂ ਦੇ ਗ਼ਰੀਬੀ ਸੀ ਅਤੇ ਕਰਮ ਉਹਨਾਂ ਦੇ ਸ਼ਾਹੀ ਸਨ। ਸੁਭਾਅ ਉਹਨਾਂ ਦਾ ਸ਼ਾਂਤ ਸੀ। ਦਾਨੀ ਸੁਭਾਅ ਦੇ ਸਨ ਅਤੇ ਧੀਰਜ ਦਾ ਤਾਂ ਅੰਤ ਹੀ ਨਹੀਂ ਸੀ। ਇਕਾਂਤ ਉਹਨਾਂ ਨੂੰ ਬਹੁਤ ਪਸੰਦ ਸੀ। ਜਦੋਂ ਕਦੇ ਪਿਤਾ ਗੁਰੂ ਜੀ ਦੇ ਦਰਸ਼ਨ ਕਰਨ ਜਾਂਦੇ ਤਾਂ ਅੱਖਾਂ ਨੀਵੀਂਆਂ ਕਰ ਲੈਂਦੇ।

ਜਦੋਂ ਕਿਸੇ ਲੋੜਵੰਦ ਜਾਂ ਦੀਨ ਦੁਖੀ ਨੂੰ ਦੇਖਦੇ ਤਾਂ ਉਹਨਾਂ ਦੀ ਲੋੜ ਪੂਰੀ ਕਰ ਦਿੰਦੇ। ਇਕ ਵਾਰੀ ਘਰ ਤੋਂ ਕੀਮਤੀ ਸਮਾਨ ਲਿਆ ਕੇ ਇਕ ਲੋੜਵੰਦ ਨੂੰ ਦੇ ਦਿੱਤਾ। ਜਦੋਂ ਅਜੇ 4 ਕੁ ਸਾਲ ਦੇ ਸਨ, ਤਾਂ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੇ ਵਿਆਹ ਸਮੇਂ ਮਾਤਾ ਜੀ ਵੱਲੋਂ ਤਿਆਰ ਕਰਵਾਈ ਪੁਸ਼ਾਕ ਅਤੇ ਗਹਿਣੇ ਬਾਹਰ ਖੜੇ ਇਕ ਨੰਗੇ ਬੱਚੇ ਨੂੰ ਪੁਆ ਆਏ ਸਨ। ਮਾਤਾ ਜੀ ਦੇ ਪੁੱਛਣ ਤੇ ਉਹਨਾਂ ਨੇ ਕਿਹਾ ਕਿ ਮਾਤਾ ਜੀ ਮੈਂਨੂੰ ਤਾਂ ਤੁਸੀਂ ਹੋਰ ਬਸਤਰ ਲੈ ਦਿਓਗੇ, ਉਸ ਵਿਚਾਰੇ ਨੂੰ ਕਿਸ ਨੇ ਲੈਕੇ ਦੇਣੇ ਨੇ।

ਸ਼ਸਤਰ ਵਿਦਿਆ ਦੀ ਸਿਖਲਾਈ, ਘੋੜ ਸਵਾਰੀ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਅਤੇ ਭਾਈ ਬਿਧੀ ਚੰਦ ਨੂੰ ਸੌਂਪੀ ਗਈ। ਇਹਨਾਂ ਉਸਤਾਦਾਂ ਨੇ (ਗੁਰੂ) ਤੇਗ਼ ਬਹਾਦਰ ਜੀ ਦੀ ਸਖਸ਼ੀਅਤ ਨੂੰ ਐਸਾ ਘੜਿਆ ਕਿ ਉਹਨਾਂ ਦਾ ਕੱਦ ਆਪਣੇ ਪਿਤਾ ਜੀ ਵਾਂਗ ਹੀ ਲੰਮੇਰਾ ਨਿਕਲ ਰਿਹਾ ਸੀ। ਛਾਤੀ ਚੌੜੀ ਅਤੇ ਬਾਹਾਂ ਆਮ ਬਾਹਾਂ ਨਾਲੋਂ ਲੰਮੀਆਂ ਸਨ। ਅੱਖਾਂ ਬਹੁਤ ਵੱਡੀਆਂ ਸਨ ਜੋ ਆਮ ਤੌਰ ਤੇ ਲਾਲ ਹੀ ਰਹਿੰਦੀਆਂ ਸਨ। ਉਹ ਛਾਲ ਬਹੁਤ ਲੰਮੇਰੀ ਮਾਰ ਲੈਂਦੇ ਸਨ। ਚੰਗੀ ਨਸਲ ਦੇ ਘੋੜਿਆਂ ਦੀ ਪਛਾਣ ਬਹੁਤ ਸੀ। ਘੋੜ-ਸਵਾਰ ਬਹੁਤ ਕਮਾਲ ਦੇ ਸਨ। ਲੋਹਗੜ੍ਹ ਦੇ ਕਿਲੇ ਦੇ ਸਾਹਮਣੇ ਮੈਦਾਨ ਵਿਚ ਹਰ ਰੋਜ਼ ਫ਼ੌਜੀ ਅਭਿਆਸ ਹੁੰਦਾ ਸੀ। ਬਾਕੀ ਸਾਹਿਬਜ਼ਾਦਿਆਂ ਨਾਲ ਇਹ ਵੀ ਰੋਜ਼ਾਨਾ ਅਭਿਆਸ ਅਤੇ ਕਸਰਤਾਂ ਕਰਦੇ।



ਜਦੋਂ (ਗੁਰੂ) ਤੇਗ਼ ਬਹਾਦਰ ਜੀ ਸੱਤ ਸਾਲ ਦੇ ਹੋਏ ਤਾਂ ਲਗਾਤਾਰ ਕੁਝ ਐਸਾ ਵਾਪਰਦਾ ਰਿਹਾ ਕਿ ਉਹ ਹੋਰ ਗਹਿਰ ਗੰਭੀਰ ਹੋ ਗਏ। 1627 ਈਸਵੀ ਵਿਚ ਇਹਨਾਂ ਦੇ ਦਾਦੀ ਮਾਤਾ ਗੰਗਾ ਜੀ ਦਾ ਅਕਾਲ ਚਲਾਣਾ ਹੋ ਗਿਆ। ਇਹਨਾਂ ਦਾ ਆਪਣੀ ਦਾਦੀ ਨਾਲ ਬਹੁਤ ਸਨੇਹ ਸੀ। ਉਹਨਾਂ ਕੋਲ ਜਾ ਕੇ ਅਕਸਰ ਹੀ ਗੁਰੂ ਅਰਜਨ ਦੇਵ ਜੀ ਦੀਆਂ ਸਾਖੀਆਂ ਅਤੇ ਸ਼ਹਾਦਤ ਬਾਰੇ

ਸੁਣਿਆ ਕਰਦੇ ਸਨ। ਇਸ ਤੋਂ ਡੇਢ ਮਹੀਨੇ ਬਾਅਦ ਹੀ ਬਾਬਾ ਅਟੱਲ ਰਾਏ ਜੀ ਨੂੰ ਇਸ ਜਹਾਨ ਤੋਂ ਖੇਡ-ਖੇਡ ਵਿਚ ਹੀ ਜਾਣਾ ਪੈ ਗਿਆ। ਬਾਬਾ ਅਟੱਲ ਰਾਏ ਜੀ (ਗੁਰੂ) ਤੇਗ ਬਹਾਦਰ ਜੀ ਤੋਂ ਕੇਵਲ 2 ਕੁ ਸਾਲ ਵੱਡੇ ਸਨ। ਸਹਿਜ ਅਤੇ ਪਿਆਰ ਦੀ ਮੂਰਤ ਬਾਬਾ ਅਟੱਲ ਜੀ ਬਹੁਤ ਭਗਤੀ ਕਰਦੇ ਸਨ। ਇਕ ਗੁਰੂ ਪੁੱਤਰ ਦੂਜਾ ਬਾਲ ਉਮਰ ਦੀ ਭਗਤੀ ਨਾਲ ਕਰਾਮਾਤੀ ਸ਼ਕਤੀਆਂ ਉਹਨਾਂ ਕੋਲ ਆ ਰਹੀਆਂ ਸਨ। ਇਕ ਦਿਨ ਇਹ ਆਪਣੇ ਹਾਣ ਦੇ ਬਾਲਾਂ ਨਾਲ ਖੇਡ ਰਹੇ ਸਨ। ਖੇਡਦੇ ਹੋਏ ਸ਼ਾਮਾਂ ਪੈ ਗਈਆਂ ਤੇ ਹਨੇਰਾ ਹੋਣਾ ਸ਼ੁਰੂ ਹੋ ਗਿਆ। ਆਖ਼ਰ ਵਿਚ ਇਕ ਮਿੱਤਰ ਮੋਹਨ ਦੇ ਸਿਰ ਵਾਰੀ (ਮੀਟੀ) ਰਹਿ ਗਈ। ਸਾਰਿਆਂ ਫ਼ੈਸਲਾ ਕੀਤਾ ਕਿ ਇਹ ਕੱਲ ਨੂੰ ਆਪਣੀ ਮੀਟੀ ਦੇਵੇਗਾ। ਪਰ ਕੁਦਰਤੀ ਭਾਣਾ ਇਹ ਵਾਪਰਿਆ ਕਿ ਮੋਹਨ ਰਾਤ ਨੂੰ ਸੱਪ ਦੇ ਲੜਨ ਕਾਰਨ ਮਰ ਗਿਆ। ਅਗਲੇ ਦਿਨ ਬਾਲਕ ਇਕੱਠੇ ਹੋਏ ਤਾਂ ਕਿਸੇ ਨੇ ਦੱਸਿਆ ਕਿ ਮੋਹਨ ਤਾਂ ਮਰ ਗਿਆ ਹੈ। ਬਾਬਾ ਅਟੱਲ ਜੀ ਨੇ ਕਿਹਾ ਕਿ ਮੀਟੀ



ਦੇਣ ਦਾ ਮਾਰਾ ਐਂਵੇਂ ਮਕਰ ਕਰਦਾ ਹੈ। ਚਲੋ ਉਸ ਨੂੰ ਲੈ ਕੇ ਆਉਂਦੇ ਹਾਂ। ਉਸ ਦੇ ਘਰ ਜਾ ਕੇ ਉਸ ਨੂੰ ਇਕ ਸੋਟੀ ਛੁਹਾ ਕੇ ਆਵਾਜ਼ ਮਾਰੀ,"ਉੱਠ ਮੋਹਨ, ਚੱਲ ਸਾਡੀ ਮੀਟੀ ਦੇ" ਬੱਸ ਇਤਨਾ ਕਹਿਣ ਦੀ ਦੇਰ ਸੀ ਕਿ ਉਹ ਉੱਠ ਕੇ ਬੈਠ ਗਿਆ। ਸਾਰੇ ਨਗਰ ਵਿਚ ਫ਼ੈਲਦੀ ਹੋਈ ਗੱਲ ਗੁਰੂ ਸਾਹਿਬ ਜੀ ਤੱਕ ਪੁਹੰਚ ਗਈ। ਤਾਂ ਉਹਨਾਂ ਨੇ ਬਹੁਤ ਨਰਾਜ਼ਗੀ ਜ਼ਾਹਰ ਕੀਤੀ ਤੇ ਮੁੱਖ ਤੋਂ ਬਚਨ ਉਚਾਰੇ,"ਸਾਡੇ ਘਰ ਕਿਹੜਾ ਰੱਬ ਪੈਦਾ ਹੋ ਗਿਆ ਹੈ, ਜੋ ਸਾਨੂੰ ਵੀ ਨਹੀਂ ਪਤਾ?" ਬੰਸਾਵਲੀ ਨਾਮੇ ਵਿਚ ਲਿਖਿਆ ਹੈ:

'ਗੁਰੂ ਹਰਗੋਬਿੰਦ ਜੀ ਸਦਿਆ ਅਟੱਲ ਰਾਇ॥
ਕਿਹਾ ਬੁਰਾ ਕੀਤਾ ਜੋ ਮੋੜੀ ਰਜਾਇ॥
ਰਜਾਇ ਸਾਂਈ ਦੀ ਕਿਸੇ ਨਹੀਂ ਮੋੜੀ॥
ਇਹ ਗੱਲ ਕੀਤੀ ਬੇਟਾ ਤੁਸੀਂ ਬਹੁਤ ਮੰਦੇਰੀ॥

ਇਹ ਬਚਨ ਸੁਣਦੇ ਸਾਰ ਬਾਬਾ ਅਟੱਲ ਰਾਇ ਨੇ ਸੰਗਤ ਵਿਚ ਹਾਜ਼ਰ ਹੋ ਕੇ ਗੁਰੂ ਸਾਹਿਬ ਤੋਂ ਮੁਆਫ਼ੀ ਮੰਗੀ ਅਤੇ ਬਾਹਰ ਆ ਕੇ ਲੇਟ ਕੇ ਚਾਦਰ ਤਾਣ ਲਈ ਅਤੇ ਆਪਣੇ ਪ੍ਰਾਣ ਚੜ੍ਹਾ ਲਏ। ਗੁਰੂ ਸਾਹਿਬ ਜੀ ਨੇ ਆਪ ਹੱਥੀਂ ਸਸਕਾਰ ਕੀਤਾ। ਬਾਬਾ ਅਟੱਲ ਜੀ ਦੇ ਅਕਾਲ ਚਲਾਣੇ ਤੋਂ ਕੁਝ ਦਿਨ ਬਾਅਦ (ਗੁਰੂ) ਤੇਗ ਬਹਾਦਰ ਜੀ ਦੇ ਮਾਸੜ ਭਾਈ ਸਾਂਈ ਦਾਸ ਜੀ ਡਰੋਲੀ ਤੋਂ

ਗੁਰੂ ਸਾਹਿਬ ਜੀ ਕੋਲ ਅਫ਼ਸੋਸ ਕਰਨ ਪੁੱਜੇ। ਹੋਰ ਸੰਗਤਾਂ ਵੀ ਅਫ਼ਸੋਸ ਕਰਨ ਪਹੁੰਚ ਰਹੀਆਂ ਸਨ। ਗੁਰੂ ਸਾਹਿਬ ਜੀ ਸੱਭ ਨੂੰ ਤਸੱਲੀ ਦੇ ਰਹੇ ਸਨ। 'ਹਰਖ' ਤੇ 'ਸੋਗ' ਤੋਂ ਨਿਆਰੇ ਗੁਰੂ ਸਾਹਿਬ ਜੀ ਨੂੰ ਸਹਿਜ ਅਵਸਥਾ ਵਿਚ ਵੇਖ ਕੇ ਸਾਂਈ ਦਾਸ ਜੀ ਨੇ ਪੁੱਛਿਆ:

"ਮਹਾਰਾਜ ਜੀ, ਆਪ ਆਗਿਆ ਦਿਓ ਤਾਂ ਇਕ ਗੱਲ ਪੁੱਛਣੀ ਚਾਹੁੰਦਾ ਹਾਂ"।
ਗੁਰੂ ਸਾਹਿਬ ਜੀ ਨੇ ਕਿਹਾ,"ਪੁੱਛ ਸਾਂਈ ਦਾਸ।"
ਸਾਂਈ ਦਾਸ ਬੋਲਿਆ,'ਮਹਾਰਾਜ ਜੀ, ਆਪਣੇ ਪੁੱਤਰ ਦੀ ਮੌਤ ਤੇ ਵੀ ਆਪ ਨੂੰ ਕੋਈ ਗਮ ਕਿਉਂ ਨਹੀਂ ਹੋਇਆ?'
ਗੁਰੂ ਸਾਹਿਬ ਜੀ ਕਹਿਣ ਲੱਗੇ,"ਸਾਂਈ ਦਾਸ, ਧਰਤੀ ਤੇ ਇਕ ਲਕੀਰ ਖਿੱਚ ਦੇ"
ਸਾਂਈ ਦਾਸ ਜੀ ਨੇ ਆਪਣੀ ਉਂਗਲੀ ਨਾਲ ਇਕ ਲਕੀਰ ਖਿੱਚੀ।
ਗੁਰੂ ਸਾਹਿਬ ਜੀ ਨੇ ਕਿਹਾ,"ਹੁਣ ਇਸ ਲਕੀਰ ਨੂੰ ਮੇਟ ਦੇ"
ਸਾਂਈ ਦਾਸ ਨੇ ਆਪਣੇ ਹੱਥ ਨਾਲ ਬਣਾਈ ਹੋਈ ਲਕੀਰ ਨੂੰ ਮੇਟ ਦਿੱਤਾ।
ਹੁਣ ਗੁਰੂ ਸਾਹਿਬ ਨੇ ਪੁੱਛਿਆ,"ਸਾਂਈ ਦਾਸ, ਤੈਨੂੰ ਲਕੀਰ ਖਿੱਚਣ ਤੇ ਕੋਈ ਖੁਸ਼ੀ ਹੋਈ ਸੀ"।
ਸਾਂਈ ਦਾਸ ਨੇ ਕਿਹਾ ਕਿ ਮੈਂ ਤਾਂ ਆਪ ਦਾ ਹੁਕਮ ਮੰਨ ਕੇ ਲਕੀਰ ਖਿੱਚ ਦਿੱਤੀ ਸੀ, ਇਸ ਵਿਚ ਖੁਸ਼ੀ ਦੀ ਤਾਂ ਕੋਈ ਗੱਲ ਹੈ ਹੀ ਨਹੀਂ ਸੀ।
ਗੁਰੂ ਸਾਹਿਬ ਜੀ ਬੋਲੇ,"ਜਦੋਂ ਲਕੀਰ ਮੇਟੀ ਸੀ, ਉਸ ਸਮੇਂ ਕੋਈ ਅਫ਼ਸੋਸ ਹੋਇਆ"
ਸਾਂਈ ਦਾਸ ਨੇ ਕਿਹਾ,'ਨਹੀਂ ਮਹਾਰਾਜ'

ਹੁਣ ਗੁਰੂ ਸਾਹਿਬ ਜੀ ਨੇ ਸਪਸ਼ਟ ਕਰਦਿਆਂ ਕਿਹਾ,"ਸਾਂਈ ਦਾਸ, ਬਾਬਾ ਅਟੱਲ ਰਾਇ ਦੇ ਰੂਪ ਵਿਚ ਓਸ ਅਕਾਲ ਪੁਰਖ ਨੇ ਇਸ ਧਰਤੀ ਤੇ ਸਾਡੇ ਗ੍ਰਹਿ ਵਿਚ ਇਕ ਲਕੀਰ ਖਿੱਚੀ ਸੀ, ਜੋ ਉਸ ਦੀ ਆਗਿਆ ਅਨੁਸਾਰ ਮਿਟ ਗਈ ਹੈ। ਜੇ ਅਸੀਂ ਉਸ ਅਕਾਲ ਪੁਰਖ ਦੀ ਆਗਿਆ ਵਿਚ ਰਹਾਂਗੇ ਤਾਂ ਨਾ ਆਉਣ ਦੀ ਕੋਈ ਖੁਸ਼ੀ ਹੋਵੇਗੀ ਤੇ ਨਾ ਜਾਣ ਦੀ ਕੋਈ ਗਮ ਹੋਵੇਗਾ।"

ਇਸ ਤੋਂ ਪਹਿਲਾਂ 1627 ਈਸਵੀ ਵਿਚ ਜਹਾਂਗੀਰ ਦੀ ਵੀ ਮੌਤ ਹੋ ਚੁੱਕੀ ਸੀ। ਉਸ ਦੀ ਮੌਤ ਤੋਂ ਬਾਅਦ ਸ਼ਾਹਜਹਾਂ ਦਿੱਲੀ ਦੇ ਤਖ਼ਤ ਤੇ ਬੈਠਾ। ਉਸ ਨੇ ਮੁਸਲਿਮ ਧਰਮ ਤੋਂ ਬਿਨਾਂ ਹੋਰ ਧਰਮਾਂ ਲਈ ਬਹੁਤ ਸਖ਼ਤ ਨੀਤੀ ਅਪਨਾਈ। ਹਿੰਦੂ ਧਰਮ ਦੇ ਮੰਦਰ ਤੋੜ ਕੇ ਮਸੀਤਾਂ ਬਣਾਈਆਂ ਜਾਣ ਲੱਗੀਆਂ। ਲਾਹੌਰ ਵਿਚ ਗੁਰੂ ਅਰਜਨ ਦੇਵ ਜੀ ਵੱਲੋਂ ਬਣਾਈ ਗਈ ਬਾਉਲੀ ਨੂੰ ਪੂਰ ਦਿੱਤਾ ਗਿਆ। ਨਾਲ ਲਗਦੀ 'ਗੁਰੂ ਕੇ ਲੰਗਰ' ਦੀ ਇਮਾਰਤ ਨੂੰ ਢਾਹ ਕੇ ਮਸੀਤ ਦੀ ਉਸਾਰੀ ਕਰ ਦਿੱਤੀ ਗਈ। ਜਿਸ ਦਾ ਗੁਰੂ ਘਰ ਵੱਲੋਂ ਰੋਸ ਵੀ ਮਨਾਇਆ ਗਿਆ ਅਤੇ ਵਿਰੋਧ ਵੀ ਕੀਤਾ ਗਿਆ। ਪਰ ਸ਼ਹਿਨਸ਼ਾਹ ਤੇ ਕੋਈ ਅਸਰ ਨਾ ਹੋਇਆ ਸਗੋਂ ਵਜ਼ੀਰਾਂ ਨੇ ਜਦੋਂ ਇਹ ਦੱਸਿਆ ਕਿ ਕਈ ਮੁਸਲਮਾਨ ਵੀ ਗੁਰੂ ਹਰਗੋਬਿੰਦ ਸਾਹਿਬ ਦੇ ਸ਼ਰਧਾਲੂ ਹਨ, ਤਾਂ ਇਹ ਹੁਕਮ ਜਾਰੀ ਕਰ ਦਿੱਤਾ ਕਿ ਕਿਸੇ ਮੁਸਲਮਾਨ ਨੂੰ ਕਿਸੇ ਹੋਰ ਮਜ਼ਹਬ ਵਿਚ ਸ਼ਾਮਲ ਨਹੀਂ ਕੀਤਾ ਜਾ ਸਕੇਗਾ। ਇਸ ਫ਼ੁਰਮਾਨ ਦਾ ਸੱਭ ਤੋਂ ਵੱਧ ਅਸਰ ਸਿੱਖ ਮੱਤ ਤੇ ਹੀ ਪੈਣਾ ਸੀ, ਪਰ ਇਸ ਹੁਕਮ ਦੇ ਬਾਵਜੂਦ ਵੀ ਮੁਸਲਮਾਨ ਗੁਰੂ ਦਰਬਾਰ ਵਿਚ ਹਾਜ਼ਰੀ ਲਵਾਉਂਦੇ ਰਹੇ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸ਼ਾਹਜਹਾਂ ਦੇ ਮਨ ਵਿਚ ਸਿੱਖਾਂ ਪ੍ਰਤੀ ਨਫ਼ਰਤ ਹੋਰ ਵੱਧ ਗਈ। ਕਿਸੇ ਨਾ ਕਿਸੇ ਬਹਾਨੇ ਉਹ ਸਿੱਖਾਂ ਨਾਲ ਟੱਕਰ ਲੈਣ ਬਾਰੇ ਸੋਚਦਾ ਰਿਹਾ।

ਇਹ ਬਹਾਨਾ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਨੇ ਛੇਤੀ ਹੀ ਲੱਭ ਕੇ ਸ਼ਾਹ ਜਹਾਨ ਦੇ ਕੰਨ ਭਰ ਦਿੱਤੇ। ਹੋਇਆ ਇਸ ਤਰ੍ਹਾਂ ਕਿ ਗੁਰੂ ਸਾਹਿਬ ਜੀ ਦੇ ਸਿੱਖ ਲੋਹਗੜ੍ਹ ਦੇ ਕਿਲੇ ਦੇ ਬਾਹਰ

ਮੈਦਾਨ ਵਿਚ ਸ਼ਸਤਰ ਅਭਿਆਸ ਕਰ ਰਹੇ ਸਨ। ਜੋਸ਼ ਬਹੁਤ ਸੀ। ਕਿਸੇ ਨੇ ਕਹਿ ਦਿੱਤਾ ਕਿ ਚਲੋ, ਅੱਜ ਜੰਗਲ ਵਿਚ ਜਾ ਕੇ ਅਭਿਆਸ ਕਰਦੇ ਹਾਂ। ਅੰਮ੍ਰਿਤਸਰ ਦੇ ਨੇੜੇ ਗੁਮਟਾਲੇ ਦੀ ਜੂਹ ਵਿਚ ਜਾਨਵਰਾਂ ਲਈ ਸੰਘਣੇ ਦਰਖਤਾਂ ਦੀ ਇਕ ਰੱਖ ਬਣੀ ਹੋਈ ਸੀ। (ਜਿਥੇ ਜਾਨਵਰਾਂ ਤੇ ਪੰਛੀਆਂ ਨੂੰ ਰਖਿਆ ਜਾਂਦਾ ਸੀ) ਇਹ ਮੁਸਲਮਾਨ ਹੁਕਮਰਾਂਨਾ ਦੇ ਸ਼ਿਕਾਰ ਖੇਡਣ ਲਈ ਅਤੇ ਫੌਜ ਦੇ ਅਭਿਆਸ ਕਰਨ ਦਾ ਇਕ ਟਿਕਾਣਾ ਸੀ, ਜਿਥੇ ਕੋਈ ਹੋਰ ਨਹੀਂ ਜਾ ਸਕਦਾ ਸੀ। ਸਿੱਖਾਂ ਨੇ ਇਸ ਗੱਲ ਦੀ ਪਰਵਾਹ ਨਾ ਕੀਤੀ ਅਤੇ ਉਸ ਰੱਖ ਵਿਚ ਅਭਿਆਸ ਕਰਨ ਲਈ ਚਲੇ ਗਏ। ਕੁਦਰਤੀ ਕੁਝ ਦਿਨਾਂ ਤੋਂ ਲਾਹੌਰ ਦੀ ਇਕ ਫੌਜੀ ਟੁਕੜੀ ਉਥੇ ਅਭਿਆਸ ਕਰਨ ਲਈ ਆਈ ਹੋਈ ਸੀ। ਸਿੱਖਾਂ ਨੇ ਵੇਖਿਆ ਕਿ ਇਕ ਬਾਜ ਇਕ ਖ਼ਰਗੋਸ਼ ਨੂੰ ਚੁੱਕ ਕੇ ਉਪਰ ਲੈ ਜਾਂਦਾ ਤੇ ਉਸ ਨੂੰ ਹੇਠਾਂ ਸੁੱਟ ਦਿੰਦਾਂ। ਗੁਰੂ ਸਾਹਿਬ ਜੀ ਦੇ ਸਿੱਖਾਂ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗ ਰਹੀ। ਉਹ ਲਗਾਤਾਰ ਇਸੇ ਤਰ੍ਹਾਂ ਕਰੀ ਜਾ ਰਿਹਾ ਸੀ। ਖਰਗੋਸ਼ ਤੜਫ਼ ਰਿਹਾ ਸੀ। ਜਾਪ ਰਿਹਾ ਸੀ ਕਿ ਬਾਜ ਨੂੰ ਇਸੇ ਲਈ ਹੀ ਤਿਆਰ ਕੀਤਾ ਹੋਇਆ ਸੀ। ਸਿੱਖਾਂ ਨੇ ਆਪਣਾ ਬਾਜ ਛੱਡਿਆ। ਉਸਨੇ ਸ਼ਾਹੀ ਬਾਜ ਨੂੰ ਝਪਟ ਕੇ ਹੇਠਾਂ ਲੈ ਆਂਦਾ ਅਤੇ ਸਿੱਖਾਂ ਨੇ ਉਸ ਨੂੰ ਫੜ ਲਿਆ। ਕੁਝ ਸਮੇਂ ਬਾਅਦ ਸ਼ਾਹੀ ਫ਼ੌਜੀ ਵੀ ਓਧਰ ਆ ਗਏ। ਸਿੱਖਾਂ ਨੂੰ ਆਪਣੀ ਰੱਖ ਵਿਚ ਵੇਖ ਕੇ ਭੜਕ ਗਏ ਅਤੇ ਮੰਦਾ ਬੋਲਣਾ ਸ਼ੁਰੂ ਕਰ ਦਿੱਤਾ। ਸਿੱਖਾਂ ਵਿਚ ਵੀ ਜੋਸ਼ ਸਿਖ਼ਰਾਂ ਦਾ ਸੀ। ਉਹ ਵੀ ਬੋਲਣ ਲੱਗ



ਗਏ। ਇਸ ਬਹਿਸ ਦਾ ਸਿੱਟਾ ਇਹ ਨਿਕਲਿਆ ਕਿ ਸਿੱਖਾਂ ਨੇ ਬਾਜ ਵਾਪਸ ਕਰਨ ਤੋਂ ਨਾਂਹ ਕਰ ਦਿੱਤੀ। ਸਿੱਖਾਂ ਨੇ ਆਕੇ ਗੁਰੂ ਸਾਹਿਬ ਜੀ ਨੂੰ ਸਾਰੀ ਘਟਨਾ ਦਾ ਵੇਰਵਾ ਦਿਤਾ। ਗੁਰੂ ਸਾਹਿਬ ਜੀ ਨੇ ਬਾਜ ਵੱਲ ਇਸ਼ਾਰਾ ਕਰਕੇ ਕਿਹਾ ਇਸ ਬਾਜ ਦੀਆਂ ਹਰਕਤਾਂ ਨੂੰ ਦੇਖ ਕੇ ਖ਼ਰਗੋਸ਼ ਦੇ ਲਈ ਤੁਹਾਡੇ ਮਨ ਵਿਚ ਦਇਆ ਦਾ ਭਾਵ ਉਪਜਿਆ, ਇਹੀ ਵੱਡੇ ਗੁਰੂ- ਗੁਰੂ ਨਾਨਕ ਸਾਹਿਬ ਦੀ ਸਿੱਖੀ ਦਾ ਮੱਢਲਾ ਅਸੂਲ ਹੈ। ਉਹਨਾਂ ਨੇ ਨਾਲ ਇਹ ਵੀ ਕਿਹਾ ਕਿ ਜਿਥੇ ਤੁਹਾਨੂੰ ਇਸ ਬਾਜ ਨੇ 'ਦਇਆ' ਦਾ ਪਾਠ ਪੜ੍ਹਾਇਆ ਹੈ, ਉਥੇ ਇਹ ਬਾਜ ਹੁਣ 'ਸਿਰ ਤਲੀ' ਤੇ ਧਰਨ ਦਾ ਸਬਕ ਵੀ ਸਿਖਾਏਗਾ। ਤੁਸੀਂ ਤਿਆਰੀ ਜਾਰੀ ਰੱਖੋ।" ਸਿੱਖਾਂ ਵਿਚ ਇਹ ਗੱਲ ਆਮ ਹੋ ਗਈ ਸੀ ਕਿ ਟੱਕਰ ਤਾਂ ਹੁਣ ਹੋ ਕੇ ਰਹੇਗੀ।

ਓਧਰ ਮੁਖਲਿਸ ਖਾਨ ਦੇ ਸਲਾਹਕਾਰਾਂ ਨੇ ਉਸਨੂੰ ਭੜਕਾ ਦਿੱਤਾ ਕਿ ਅੱਜ ਬਾਜ ਨੂੰ ਹੱਥ ਪਾਇਆ ਹੈ, ਕੱਲ ਨੂੰ ਤਾਜ ਨੂੰ ਵੀ ਹੱਥ ਪਾਉਣਗੇ। ਆਪਸੀ ਦੁਸ਼ਮਣੀ ਹੋਰ ਵੱਧ ਰਹੀ ਸੀ। ਓਧਰ ਕੁਲੀਜ਼ ਖਾਨ ਨੇ ਸ਼ਾਹਜਹਾਂ ਨੂੰ ਵਧਾ ਚੜ੍ਹਾ ਕੇ ਗੱਲਾਂ ਦੱਸੀਆਂ ਅਤੇ ਗੁਰੂ ਹਰਗੋਬਿੰਦ

ਸਾਹਿਬ ਨਾਲ ਜੰਗ ਦੀ ਆਗਿਆ ਲੈ ਲਈ। ਬਾਜ ਦਾ ਤਾਂ ਇਕ ਬਹਾਨਾ ਸੀ। ਅਸਲ ਗੱਲ ਤਾਂ ਇਹ ਸੀ ਜੋ 'ਬੰਸਾਵਲੀ-ਨਾਮਾ' ਵਿਚ ਲਿਖੀ ਹੈ:

'ਬੰਦਾ ਹੋਇਕੈ ਸੱਚਾ ਪਾਤਸ਼ਾਹ ਅਖਵਾਏ।
ਬੰਦਾ ਹੋਇਕੈ ਖੁਦਾਇ ਕਹਾਏ।
ਤਿਸ ਨੂੰ ਮਾਰਨਾ ਕੁਰਾਨ ਫ਼ੁਰਮਾਇ॥'

17 ਮਈ 1628 ਈਸਵੀ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪੁੱਤਰੀ ਬੀਬੀ ਵੀਰੋ ਦੀ ਸ਼ਾਦੀ ਨੀਅਤ ਹੋ ਰੱਖੀ ਸੀ। ਗੁਰੂ ਸਾਹਿਬ ਜੀ ਅਤੇ ਪਰਿਵਾਰ ਵਿਆਹ ਦੀਆਂ ਤਿਆਰੀ ਵਿਚ ਰੁੱਝਾ ਹੋਇਆ ਸੀ। 15 ਮਈ ਨੂੰ ਕੁਝ ਸਿੱਖਾਂ ਨੇ ਆ ਕੇ ਗੁਰੂ ਸਾਹਿਬ ਜੀ ਨੂੰ ਦੱਸਿਆ ਕਿ ਮੁਖਲਿਸ ਖਾਨ ਸੱਤ ਹਜ਼ਾਰ ਫ਼ੌਜ ਲੈ ਕੇ ਅੰਮ੍ਰਿਤਸਰ ਕੋਲ ਪੁੱਜ ਗਿਆ ਹੈ। ਉਹਨਾਂ ਨੇ ਕੁਝ ਸਿੱਖਾਂ ਨੂੰ ਅੱਗੇ ਹੋਕੇ ਰੋਕਣ ਲਈ ਭੇਜ ਦਿੱਤਾ। ਕੁਝ ਸਿੱਖਾਂ ਦੀ ਡਿਊਟੀ ਲਾਈ ਕਿ ਪਰਿਵਾਰ ਨੂੰ ਪਿੰਡ ਝਬਾਲ ਵਿਚ ਚੌਧਰੀ ਲੰਗਾਹ ਜੀ ਦੀ ਹਵੇਲੀ ਵਿਚ ਛੱਡ ਆਉਣ। ਬਰਾਤ ਨੂੰ ਅੰਮ੍ਰਿਤਸਰ ਦੀ ਥਾਂ ਤੇ ਪਿੰਡ ਝਬਾਲ ਆਉਣ ਲਈ ਸੁਨੇਹਾ ਭੇਜ ਦਿੱਤਾ। ਪਿਪਲੀ ਸਾਹਿਬ ਦੇ ਨੇੜੇ ਸ਼ਾਹੀ ਫ਼ੌਜ ਨਾਲ ਸਿੱਖਾਂ ਦੀ ਪਹਿਲੀ ਝੜ੍ਹਪ ਹੋਈ। ਭਾਈ ਬਿਧੀ ਚੰਦ ਜੀ ਨੇ ਮੋਰਚਾ ਸੰਭਾਲ ਲਿਆ। ਸ਼ਾਹੀ ਫ਼ੌਜ ਦੇ ਦਸਤੇ ਦਾ ਇੰਚਾਰਜ ਸ਼ਮਸ ਖਾਨ ਅੱਗੇ ਵਧਦਾ ਆ ਰਿਹਾ ਸੀ। ਇਕ ਸਿੱਖ ਯੋਧੇ ਭਾਈ ਭਾਨਾ ਜੀ ਨੇ ਇਹ ਵੇਖ ਕੇ ਉਸ ਵੱਲ ਗੋਲੀ ਚਲਾਈ ਜੋ ਉਸ ਦੇ ਘੋੜੇ ਨੂੰ ਲੱਗੀ ਤੇ ਉਹ ਡਿਗ ਪਿਆ। ਸ਼ਮਸ ਖਾਨ ਉਠ ਖੜਾ ਹੋਇਆ। ਭਾਈ ਭਾਨਾ ਜੀ ਵੀ ਘੋੜੇ ਤੋਂ ਹੇਠਾਂ ਉਤਰ ਆਏ। ਜੰਗ ਵਿਚ ਸ਼ਮਸ ਖਾਨ ਦਾ ਸਿਰ ਭਾਈ ਭਾਨਾ ਜੀ ਦੇ ਤੇਗ ਦੇ ਵਾਰ ਨਾਲ ਕੱਦੂ ਵਾਂਗ ਹੇਠਾਂ ਜਾ ਗਿਰਿਆ। ਸ਼ਮਸ ਖਾਨ ਦਾ ਸਿਰ ਗਿਰਦੇ ਸਾਰ ਮੁਗਲ ਫ਼ੌਜ ਨੇ ਭਾਈ ਭਾਨਾ ਜੀ ਨੂੰ ਘੇਰ ਕੇ ਸ਼ਹੀਦ ਕਰ ਦਿੱਤਾ। ਗੁਰੂ ਸਾਹਿਬ ਜੀ ਦੇ ਨਿਸ਼ਕਾਮ ਸਿੱਖ ਜੱਥੇ ਦੇ ਸਾਹਮਣੇ ਮੁਖਲਿਸ ਖਾਨ ਦੇ ਤਨਖਾਹਦਾਰ ਫ਼ੌਜੀਆਂ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਮੁਗਲ ਫ਼ੌਜੀ ਜਾਨ ਬਚਾ ਕੇ ਲੜ ਰਹੇ ਸਨ ਅਤੇ ਸਿੱਖ ਯੋਧੇ ਜਾਨ ਹੂਲ ਕੇ ਲੜ ਰਹੇ ਸਨ। ਜੰਗ ਵਿਚ ਜਿੱਤ ਤਾਂ ਜਾਨ ਵਾਰਨ ਵਾਲਿਆਂ ਦੀ ਹੀ ਹੁੰਦੀ ਹੈ। ਇਹ ਜੰਗ ਤਿੰਨ ਦਿਨ ਚੱਲੀ ਤੇ ਇਤਨੀ ਜ਼ਬਰਦਸਤ ਸੀ ਕਿ ਦੋਹਾਂ ਧਿਰਾਂ ਦਾ ਬਹੁਤ ਜਾਨੀ ਤੇ ਮਾਲੀ ਨੁਕਸਾਨ ਹੋਇਆ। ਇਸ ਲਈ ਮੁਖਲਿਸ ਖਾਨ ਨੇ ਗੁਰੂ ਜੀ ਵੱਲ ਇਕ ਚਿੱਠੀ ਲਿਖ ਕੇ ਭੇਜੀ ਜਿਸ ਵਿਚ ਲਿਖਿਆ,'ਫ਼ਕੀਰ ਹੁੰਦਿਆਂ ਤੁਹਾਨੂੰ ਲੜਾਈ ਕਰਨੀ ਸੋਭਾ ਨਹੀਂ ਦਿੰਦੀ। ਭਲਾ ਇਸ ਵਿਚ ਹੈ ਕਿ ਹੁਣ ਪਛਤਾਵਾ ਕਰ ਲਵੋ ਅਤੇ ਅੱਗੋਂ ਲਈ ਬੱਚ ਕੇ ਚਲੋ'। ਗੁਰੂ ਸਾਹਿਬ ਜੀ ਨੇ ਵੀ ਚਿੱਠੀ ਲਿਖ ਕੇ ਭਿਜਵਾ ਦਿੱਤੀ,''ਅਸੀਂ ਆਪਣੇ ਫ਼ਕੀਰ ਹੋਣ ਬਾਰੇ ਜਾਣਦੇ ਹਾਂ, ਅਸੀਂ ਕਿਸੇ ਜਗ੍ਹਾ ਉਪਰ ਕਬਜਾ ਨਹੀਂ ਕਰਨਾ ਪਰ ਕਿਸੇ ਨੂੰ ਆਪਣੀ ਅਤੇ ਆਪਣੇ ਸਿੱਖਾਂ ਦੀ ਅਣਖ ਨੂੰ ਰੋਲਣ ਵੀ ਨਹੀਂ ਦੇਣਾ।'' ਮੁਖਲਿਸ ਖਾਨ ਤਾਂ ਆਪਣੀ ਹਾਰ ਮੰਨੀ ਹੀ ਬੈਠਾ ਸੀ। ਪਰ ਉਸ ਨੇ ਇਕ ਆਖ਼ਰੀ ਦਾਅ ਖੇਲਿਆ ਅਤੇ ਗੁਰੂ ਜੀ ਨੂੰ ਵੰਗਾਰਿਆ: ਗੁਰੂ ਹਰਗੋਬਿੰਦ - ਆਓ! ਦੋਹਾਂ ਧਿਰਾਂ ਦੇ ਜੁਆਨ ਨਾ ਮਰਵਾਈਏ, ਆਪਾਂ ਦੋਵੇਂ ਜੂਝਦੇ ਹਾਂ। 'ਵਡ-ਯੋਧੇ' ਗੁਰੂ ਸਾਹਿਬ ਜੀ ਨੇ ਸਿੱਖਾਂ ਅਤੇ ਮੁਗਲ ਸਿਪਾਹੀਆਂ ਉਪਰ 'ਉਪਕਾਰ' ਕਰਦੇ ਹੋਏ, ਉਸ ਦੀ ਵੰਗਾਰ ਕਬੂਲ ਕੀਤੀ। ਉਸ ਸਮੇਂ ਦੇ ਜੰਗ ਦੇ ਅਸੂਲ ਅਨੁਸਾਰ ਫ਼ੌਜਾਂ ਪਿਛੇ ਹਟ ਗਈਆਂ। ਮੁਖਲਿਸ ਖਾਨ ਅਤੇ ਗੁਰੂ ਸਾਹਿਬ ਜੀ ਮੈਦਾਨ ਵਿਚ ਆ ਗਏ। ਇਸ ਤੋਂ ਪਹਿਲਾਂ ਕਿ ਮੁਖਲਿਸ ਖਾਨ ਕੋਈ ਪੈਂਤੜਾ ਵਰਤਦਾ, ਗੁਰੂ ਸਾਹਿਬ ਜੀ ਨੇ ਪਹਿਲੇ ਤੀਰ ਨਾਲ ਹੀ ਉਸ ਦਾ ਘੋੜਾ ਗਿਰਾ ਲਿਆ। ਜਦ ਨੂੰ ਉਹ ਸੰਭਲਿਆ, ਗੁਰੂ ਸਾਹਿਬ ਜੀ ਬੜੀ ਫ਼ੁਰਤੀ ਨਾਲ ਘੋੜੇ

ਤੋਂ ਉਤਰ ਕੇ ਉਸ ਦੇ ਸਾਹਮਣੇ ਆ ਚੁੱਕੇ ਸਨ। 'ਪਰ ਉਪਕਾਰੀ ਯੋਧੇ' ਗੁਰੂ ਜੀ ਨੇ ਉਸ ਨੂੰ ਹੋਰ ਮੌਕਾ ਦਿੰਦੇ ਹੋਏ ਉਸ ਨੂੰ ਵਾਰ ਕਰਨ ਲਈ ਕਿਹਾ। ਮੁਖਲਿਸ ਖਾਨ ਦੇ ਪਹਿਲੇ ਵਾਰ ਨੂੰ ਗੁਰੂ ਸਾਹਿਬ ਜੀ ਨੇ ਪੈਂਤੜਾ ਬਦਲ ਕੇ ਬਚਾ ਲਿਆ। ਮੁਸਕਰਾ ਕੇ ਗੁਰੂ ਸਾਹਿਬ ਜੀ ਨੇ ਕਿਹਾ, "ਇਕ ਹੋਰ"। ਉਸਦੇ ਅਗਲੇ ਵਾਰ ਨੂੰ ਆਪਣੀ ਢਾਲ ਤੇ ਰੋਕ ਲਿਆ ਅਤੇ ਅਗਲੇ ਵਾਰ ਦਾ ਇਸ਼ਾਰਾ ਕੀਤਾ। ਜਦੋਂ ਤੱਕ ਮੁਖਲਿਸ ਖਾਨ ਦੀ ਤਲਵਾਰ ਹੋਰ ਵਾਰ ਕਰਨ ਲਈ ਉਪਰ ਉਠੀ, ਗੁਰੂ ਸਾਹਿਬ ਜੀ ਦਾ ਖੰਡਾ ਉਸਦੀ ਢਾਲ ਨੂੰ ਚੀਰ ਕੇ ਸਿਰ ਵਿਚੋਂ ਦੀ ਲੰਘਦਾ ਹੋਇਆ ਉਸ ਦੇ ਸਰੀਰ ਨੂੰ ਦੋਫਾੜ ਕਰ ਗਿਆ ਤੇ ਉਸ ਦੀ ਆਤਮਾ ਸਦਾ ਦੇ ਜੰਜਾਲਾਂ ਤੋਂ ਮੁਕਤ ਹੋ ਗਈ। ਇਸ ਜੰਗ ਵਿਚ ਗੁਰੂ ਸਾਹਿਬ ਜੀ ਦੀ ਫ਼ਤਿਹ ਹੋਈ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ, "ਦੋ ਗੱਲਾਂ ਇਸ ਜੰਗ ਵਿਚ ਪਹਿਲੀ ਵਾਰ ਹੋਈਆਂ। ਪਹਿਲੀ– ਰਾਜਿਆਂ ਤੇ ਰਿਆਸਤਾਂ ਨਾਲ ਜੰਗ–ਯੁੱਧ ਹੁੰਦੇ ਦੇਖੇ–ਸੁਣੇ ਸਨ, ਇਹ ਪਹਿਲੀ ਜੰਗ ਸੀ ਜੋ ਕਿਸੇ ਸ਼ਾਹੀ ਫ਼ੌਜ ਦੀ ਆਮ–ਜਨਤਾ ਨਾਲ ਹੋਈ ਸੀ। ਦੂਜੀ– ਸਿੱਖਾਂ ਦੇ ਪਹਿਲੇ ਜੰਗੀ ਸ਼ਹੀਦ ਭਾਈ ਭਾਨਾ ਜੀ ਹਨ।"(ਇਹ ਭਾਈ ਭਾਨਾ ਜੀ ਬਾਬਾ ਬੁੱਢਾ ਜੀ ਦੇ ਸਪੁੱਤਰ ਨਹੀਂ, ਸਗੋਂ ਇਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਯੋਧੇ ਸਿੱਖ ਸਨ) ਇਸ ਤੋਂ ਇਲਾਵਾ ਵੀ ਦੋ ਨਵੀਆਂ ਗੱਲਾਂ ਹੋਰ ਸਨ। ਪਹਿਲੀ– ਇਹ ਮੁਗਲ ਫ਼ੌਜ ਦੀ ਸਿੱਖਾਂ ਦੇ ਗੁਰੂ ਸਾਹਿਬ ਨਾਲ ਪਹਿਲੀ ਐਲਾਨੀਆਂ ਜੰਗ ਸੀ। ਦੂਜੀ– ਗੁਰੂ ਸਾਹਿਬ ਜੀ ਨੇ ਇਕ ਕਾਰੀਗਰ ਸਿੱਖ ਨੂੰ ਇਕ ਸੁੱਕੇ ਦਰਖ਼ਤ ਦੇ ਤਣੇ ਨੂੰ ਤੋਪ ਬਣਾਉਣ ਦਾ ਹੁਕਮ ਦਿੱਤਾ, ਜਿਸ ਵਿਚੋਂ ਬਾਰੂਦ ਦੀ ਥਾਂ ਤੇ ਲੋਹ ਗੜ੍ਹ ਕਿਲੇ ਵਿਚੋਂ ਮੋਟੇ ਮੋਟੇ ਪੱਥਰ ਬਰਸਾ ਕੇ ਸ਼ਾਹੀ ਸੈਨਾ ਨੂੰ ਕਿਲੇ ਵਿਚ ਦਾਖਲ ਹੋਣ ਤੋਂ ਰੋਕੀ ਰੱਖਿਆ। ਇਸ ਜੰਗ ਵਿਚ ਗੁਰੂ ਸਾਹਿਬ ਜੀ ਦੇ ਭਾਈ ਭਾਨਾ ਜੀ ਤੋਂ ਇਲਾਵਾ 13 ਯੋਧੇ ਸ਼ਹੀਦ ਹੋਏ, ਜਿਹਨਾਂ ਦਾ ਗੁਰੂ ਸਾਹਿਬ ਜੀ ਨੇ ਆਪਣੇ ਹੱਥੀਂ ਸਸਕਾਰ ਕੀਤਾ। ਇਸ ਅਸਥਾਨ ਤੇ ਹੁਣ ਗੁਰਦੁਆਰਾ ਸੰਗਰਾਣਾ ਸਾਹਿਬ ਬਣਿਆ ਹੋਇਆ ਹੈ। ਇਸ ਜੰਗ ਦੇ ਸਮੇਂ ਸ੍ਰੀ (ਗੁਰੂ) ਤੇਗ਼ ਬਹਾਦਰ ਸਾਹਿਬ ਦੀ ਉਮਰ ਕੇਵਲ 7 ਸਾਲ ਦੀ ਸੀ। ਉਹਨਾਂ ਨੇ ਸਾਰਾ ਕੁੱਝ ਕਿਲੇ ਵਿਚ ਬੈਠ ਕੇ ਆਪਣੀਆਂ ਅੱਖਾਂ ਨਾਲ ਦੇਖਿਆ ਤੇ ਕੰਨਾਂ ਨਾਲ ਸੁਣਿਆ।

ਪਹਿਰ ਰਾਤ ਰਹਿੰਦੇ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ (ਗੁਰੂ) ਤੇਗ਼ ਬਹਾਦਰ ਸਾਹਿਬ ਝਬਾਲ ਪਹੁੰਚ ਗਏ। ਬਰਾਤ ਦਿਨੇ ਹੀ ਪਹੁੰਚ ਚੁੱਕੀ ਸੀ। ਅੰਮ੍ਰਿਤ ਵੇਲੇ ਬੀਬੀ ਵੀਰੋ ਜੀ ਦਾ ਆਨੰਦ ਕਾਰਜ ਗੁਰੂ ਸਾਹਿਬ ਜੀ ਨੇ ਕਰਵਾਇਆ। ਇਹ ਸਾਰਾ ਕਾਰਜ ਗੁਰੂ ਸਾਹਿਬ ਜੀ ਦੇ ਸੇਵਕ ਚੌਧਰੀ ਲੰਗਾਹ ਦੀ ਹਵੇਲੀ ਵਿਚ ਸੰਪੂਰਨ ਹੋਇਆ। ਦਿਨ ਚੜ੍ਹੇ ਡੋਲੀ ਤੋਰ ਦਿੱਤੀ ਗਈ। ਡੋਲੀ ਤੋਰਨ ਤੋਂ ਬਾਅਦ ਗੁਰੂ ਸਾਹਿਬ ਜੀ ਪਰਿਵਾਰ ਸਮੇਤ ਗੋਇੰਦਵਾਲ ਸਾਹਿਬ ਸ਼ੁਕਰਾਨਾ ਕਰਨ ਚਲੇ ਗਏ। ਕੁਝ ਦਿਨਾਂ ਬਾਅਦ ਉਹ ਫਿਰ ਝਬਾਲ ਆ ਗਏ ਅਤੇ 1629 ਈਸਵੀ ਦੇ ਅਗਸਤ ਮਹੀਨੇ ਤੱਕ ਝਬਾਲ ਵਿਚ ਹੀ ਰਹੇ।

ਇਸ ਤੋਂ ਇਲਾਵਾ ਮੁਗਲ–ਸ਼ਾਹੀ ਫ਼ੌਜ ਨੇ ਗੁਰੂ ਸਾਹਿਬ ਜੀ ਨਾਲ 3 ਹੋਰ ਜੰਗਾਂ ਕੀਤੀਆਂ। ਦੂਜੀ ਜੰਗ ਜਲੰਧਰ 1629 ਈਸਵੀ, ਤੀਜੀ ਜੰਗ ਮਹਿਰਾਜ 1631 ਈਸਵੀ ਵਿਚ ਹੋਈ। ਇਹ ਜੰਗਾਂ ਗੁਰੂ ਸਾਹਿਬ ਜੀ ਨੇ ਅਕਾਲ ਪੁਰਖ ਦੀ ਕਿਰਪਾ ਨਾਲ ਫ਼ਤਿਹ ਕੀਤੀਆਂ।

*************************

# (ਗੁਰੂ) ਤੇਗ ਬਹਾਦਰ ਜੀ ਦੀ ਸ਼ਾਦੀ

ਮਹਿਰਾਜ ਦੀ ਜੰਗ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਜੀ ਕਰਤਾਰਪੁਰ ਆ ਗਏ। ਇਹ ਨਗਰ ਇਹਨਾਂ ਦੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਵਸਾਇਆ ਗਿਆ ਸੀ। ਉਹਨਾਂ ਨੇ ਆਪਣੇ ਪਰਿਵਾਰ ਨੂੰ ਵੀ ਇਥੇ ਹੀ ਬੁਲਾ ਲਿਆ। ਇਥੇ ਗੁਰੂ ਘਰ ਦੇ ਇਕ ਸਿੱਖ ਭਾਈ ਲਾਲ ਚੰਦ ਦਾ ਪਰਿਵਾਰ ਰਹਿੰਦਾ ਸੀ। ਉਸ ਨੇ ਇਕ ਦਿਨ ਗੁਰੂ ਸਾਹਿਬ ਜੀ ਕੋਲ ਜਾ ਕੇ ਬੇਨਤੀ ਕੀਤੀ ਕਿ ਸਾਡਾ ਪਰਿਵਾਰ ਆਪ ਜੀ ਦੇ ਪਰਿਵਾਰ ਨਾਲ ਰਿਸ਼ਤਾ ਜੋੜਨ ਦੇ ਯੋਗ ਤਾਂ ਨਹੀਂ ਹੈ, ਪਰ ਆਪ ਜੀ ਗਰੀਬ ਨਿਵਾਜ ਹੋ। ਮੇਰਾ ਤੇ ਮੇਰੀ ਪਤਨੀ ਬਿਸ਼ਨ ਕੌਰ ਦਾ ਇਹ ਵਿਚਾਰ ਹੈ ਕਿ ਆਪ ਜੀ ਸਾਡੀ ਪੁੱਤਰੀ ਦਾ ਰਿਸ਼ਤਾ ਬੇਟੇ ਤੇਗ਼ ਬਹਾਦਰ ਲਈ ਪ੍ਰਵਾਨ ਕਰ ਲਓ।

ਗੁਰੂ ਸਾਹਿਬ ਜੀ ਨੇ ਭਾਈ ਲਾਲ ਚੰਦ ਜੀ ਦੀ ਨਿਮਰਤਾ ਅਤੇ ਘਰ ਵਿਚ ਗੁਰਸਿੱਖੀ ਵਾਲਾ ਮਾਹੌਲ ਦੇਖਦੇ ਹੋਏ ਪ੍ਰਸੰਨਤਾ ਦੇ ਨਾਲ (ਮਾਤਾ) ਗੁਜਰੀ ਦਾ ਰਿਸ਼ਤਾ ਪ੍ਰਵਾਨ ਕਰ ਲਿਆ।



ਮਾਰਚ, 1632 ਈਸਵੀ ਨੂੰ (ਗੁਰੂ) ਤੇਗ਼ ਬਹਾਦਰ ਜੀ ਦੀ ਬਰਾਤ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਤੋਂ ਕਰਤਾਰਪੁਰ ਪਹੁੰਚੀ। ਭਾਈ ਲਾਲ ਚੰਦ ਜੀ ਦੇ ਪਰਿਵਾਰ ਨੇ ਬਰਾਤ ਦਾ ਬਹੁਤ ਮਾਣ ਸਤਿਕਾਰ ਕੀਤਾ ਅਤੇ ਬਹੁਤ ਸੇਵਾ ਕੀਤੀ। ਆਨੰਦ ਕਾਰਜ ਦੀ ਰਸਮ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਨੇ ਸੰਪੂਰਨ ਕਰਵਾਈ। ਕਰਤਾਰਪੁਰ ਵਿਚ ਮਾਹੌਲ ਬੜਾ ਖੁਸ਼ੀ ਵਾਲਾ ਸੀ। ਸਾਰੀ ਸੰਗਤ ਗੁਰੂ ਸਾਹਿਬ ਜੀ ਨੂੰ ਵਧਾਈ ਦੇ ਰਹੀ ਸੀ।

ਵਿਦਾਇਗੀ ਦੇ ਸਮੇਂ ਮਾਤਾ ਜੀ ਨੇ ਸਹੁਰੇ ਪਰਿਵਾਰ ਦੀ ਆਗਿਆ ਮੰਨਣ ਤੇ ਸੇਵਾ ਕਰਨ ਦੀ ਸਿਖਿਆ ਦਿੱਤੀ। ਭਾਈ ਲਾਲ ਚੰਦ ਜੀ ਨੇ ਬੱਚੀ ਨੂੰ ਗੁਰਬਾਣੀ ਦਾ ਨਿਤਨੇਮ ਕਰਨ ਦੀ ਸਿਖਿਆ ਦਿਤੀ। ਉਹਨਾਂ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਅਸੀਂ ਨਾ ਆਪ ਜੀ ਦੀ ਸੇਵਾ ਕਰ ਸਕੇ ਹਾਂ ਅਤੇ ਨਾ ਹੀ ਕੁਝ ਦੇ ਸਕੇ ਹਾਂ। ਤਾਂ ਗੁਰੂ ਸਾਹਿਬ ਜੀ ਨੇ ਕਿਹਾ:

'ਜਿਨ ਤਨੁਜਾ ਅਰਪਨ ਕੀਨੰ॥<br>
ਤਿਨ ਪਾਛੇ ਕਿਆ ਰੱਖ ਲੀਨੰ॥

ਵਿਆਹ ਤੋਂ ਪਿਛੋਂ ਗੁਰੂ ਸਾਹਿਬ ਜੀ ਪਰਿਵਾਰ ਸਮੇਤ ਕਰਤਾਰਪੁਰ ਵਿਚ ਹੀ ਰਹੇ।

**************************

# ਜੰਗ ਕਰਤਾਰਪੁਰ ਦੀ

ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਚੋਥੀ ਜੰਗ ਕਰਤਾਰਪੁਰ ਵਿਚ 1634 ਈਸਵੀ ਵਿਚ ਹੋਈ। ਇਸ ਜੰਗ ਦਾ ਕਾਰਨ ਵੀ ਗੁਰੂ ਸਾਹਿਬ ਜੀ ਦੀ ਆਪਣੀ ਫ਼ੌਜ ਦਾ ਸੈਨਾਪਤੀ ਪੈਂਦੇ ਖਾਨ ਬਣਿਆ। ਮਜ਼ੇ ਦੀ ਗੱਲ ਇਹ ਕਿ ਇਸ ਯਤੀਮ ਬਾਲਕ ਨੂੰ ਪਾਲਿਆ ਵੀ ਗੁਰੂ ਸਾਹਿਬ ਜੀ ਨੇ ਹੀ ਸੀ।

ਘਟਨਾ ਇਸ ਤਰ੍ਹਾਂ ਹੋਈ: ਗੁਰੂ ਸਾਹਿਬ ਜੀ ਨੇ 1634 ਈਸਵੀ ਦੀ ਵਿਸਾਖੀ ਕਰਤਾਰਪੁਰ ਵਿਚ ਮਨਾਉਣ ਦਾ ਫ਼ੈਸਲਾ ਕੀਤਾ। ਦੂਰ ਦੂਰ ਤੱਕ ਸੰਗਤਾਂ ਨੂੰ ਸੁਨੇਹੇ ਭੇਜੇ ਗਏ। ਸੰਗਤਾਂ ਪੁੱਜੀਆਂ ਵੀ ਹੁਮ ਹੁਮਾ ਕੇ। ਕਾਬਲ ਦੀ ਸੰਗਤ ਵੱਲੋਂ ਗੁਰੂ ਸਾਹਿਬ ਜੀ ਲਈ ਬਹੁਤ ਕੀਮਤੀ ਸੁਗਾਤਾਂ ਆਂਈਆਂ। ਇਹਨਾਂ ਵਿਚੋਂ ਗੁਰੂ ਸਾਹਿਬ ਜੀ ਨੇ ਇਕ ਬਹੁਤ ਕੀਮਤੀ ਪੁਸ਼ਾਕ ਪੈਂਦੇ ਖਾਨ ਨੂੰ ਦਿੰਦੇ ਹੋਏ ਕਿਹਾ ਕਿ ਗੁਰੂ ਦਰਬਾਰ ਵਿਚ ਆਉਣ ਸਮੇਂ ਇਹ ਪੁਸ਼ਾਕ ਪਾ ਕੇ ਆਇਆ ਕਰੇ। ਇਹਨਾਂ ਭੇਟਾਵਾਂ ਵਿਚ ਇਕ ਬਾਜ ਵੀ ਸੀ, ਜੋ ਉਹਨਾਂ ਨੇ ਬਾਬਾ ਗੁਰਦਿੱਤਾ ਜੀ ਨੂੰ ਦੇ ਦਿੱਤਾ। ਇਹ ਪੁਸ਼ਾਕ ਪੈਂਦੇ ਖਾਨ ਦੇ ਜਵਾਈ ਉਸਮਾਨ ਖਾਨ ਨੂੰ ਪਸੰਦ ਆ ਗਈ। ਉਸ ਨੇ ਇਕ ਦਿਨ ਉਡਦੇ ਬਾਜ ਨੂੰ ਵੀ ਫੜ ਲਿਆ। ਪੈਂਦੇ ਖਾਨ ਨੇ ਦਰਬਾਰ ਵਿਚ ਆਉਣਾ ਹੀ ਬੰਦ ਕਰ ਦਿੱਤਾ। ਸੰਗਤ ਵੱਲੋਂ ਬੇਨਤੀ ਕਰਨ ਤੇ ਗੁਰੂ ਸਾਹਿਬ ਜੀ ਨੇ ਬਾਜ ਵਾਪਸ ਮੰਗਿਆ ਪਰ ਪੈਂਦੇ ਖਾਨ ਸਾਫ਼ ਮੁੱਕਰ ਗਿਆ।



ਇਸ ਗੱਲ ਨੂੰ ਪੈਂਦੇ ਖਾਨ ਨੇ ਆਪਣੀ ਬੇਇਜ਼ਤੀ ਸਮਝਦੇ ਹੋਏ ਜਲੰਧਰ ਦੇ ਸੂਬੇਦਾਰ ਕਾਲੇ ਖਾਨ ਨੂੰ ਉਕਸਾ ਕੇ ਗੁਰੂ ਸਾਹਿਬ ਜੀ ਤੇ ਹਮਲਾ ਕਰਵਾ ਦਿੱਤਾ। ਇਹ ਜੰਗ ਬਾਬਾ ਗੁਰਦਿੱਤਾ ਜੀ ਦੀ ਅਗਵਾਈ ਵਿਚ ਲੜੀ ਗਈ। ਪੈਂਦੇ ਖਾਨ ਨੇ ਵੰਗਾਰਦੇ ਹੋਏ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਫ਼ੌਜਾਂ ਨੂੰ ਇਕ ਪਾਸੇ ਕਰਕੇ ਆਪਾਂ ਦੋਂਵੇ ਜੰਗ ਕਰਦੇ ਹਾਂ। ਗੁਰੂ ਸਾਹਿਬ ਜੀ ਨੇ ਉਸ ਦਾ ਸੁਝਾਅ ਮੰਨ ਲਿਆ। ਦੋਵੇਂ ਸੂਰਬੀਰ ਮੈਦਾਨ ਵਿਚ ਆ ਗਏ। ਗੁਰੂ ਜੀ ਨੇ ਉਸ ਦੇ ਤਿੰਨ ਵਾਰ ਰੋਕ ਲਏ। ਤੀਜੇ ਜ਼ੋਰਦਾਰ ਵਾਰ ਨੂੰ ਗੁਰੂ ਸਾਹਿਬ ਜੀ ਵੱਲੋਂ ਰੋਕਣ ਨਾਲ ਉਸ ਦੀ ਤਲਵਾਰ ਟੁੱਟ ਗਈ। ਉਹ ਗੁਰੂ ਸਾਹਿਬ ਜੀ ਦੇ ਘੋੜੇ ਥੱਲੇ ਵੜ ਗਿਆ। ਉਹ ਇਤਨਾ ਤਾਕਤਵਰ ਸੀ ਕਿ ਘੋੜੇ ਸਮੇਤ ਸਵਾਰ ਨੂੰ ਪਟਕਾ ਕੇ ਮਾਰ ਸਕਦਾ ਸੀ। ਇਸ ਤੋਂ ਪਹਿਲਾਂ ਕਿ ਉਹ ਇਸ ਤਰ੍ਹਾਂ ਕਰਦਾ, ਗੁਰੂ ਸਾਹਿਬ ਜੀ ਨੇ ਉਸ ਦੇ ਸਿਰ ਤੇ ਇਤਨੀ ਜ਼ੋਰ ਦੀ ਢਾਲ ਮਾਰੀ ਕਿ ਉਹ ਜ਼ਖਮੀ ਹੋ ਕੇ ਧਰਤੀ ਤੇ ਗਿਰ ਪਿਆ। ਗੁਰੂ ਸਾਹਿਬ ਜੀ ਘੋੜੇ ਤੋਂ ਹੇਠਾਂ ਉਤਰੇ। ਜਿਸ ਢਾਲ ਨਾਲ ਉਸ ਨੂੰ ਫੱਟੜ ਕੀਤਾ ਸੀ, ਉਸੇ ਨਾਲ ਉਸ ਦੇ ਮੂੰਹ ਤੇ ਛਾਂ ਕਰਦੇ ਹੋਏ ਉਸ ਨੂੰ ਆਖ਼ਰੀ ਕਲਮਾਂ ਪੜ੍ਹਨ ਲਈ ਕਿਹਾ। ਹੁਣ ਉਸ ਨੂੰ ਆਪਣੀ

ਭੁੱਲ ਦਾ ਅਹਿਸਾਸ ਹੋਇਆ ਤੇ ਉਸ ਨੇ ਗੁਰੂ ਸਾਹਿਬ ਜੀ ਤੋਂ ਮੁਆਫ਼ੀ ਮੰਗਦੇ ਹੋਏ ਕਿਹਾ,'ਦਾਤਾ,ਤੇਰੀ ਰਹਿਮਤ ਹੀ ਮੇਰਾ ਕਲਮਾਂ ਹੈ' ਇਹ ਕਹਿੰਦੇ ਹੋਏ ਉਸ ਦਾ ਆਖ਼ਰੀ ਸੁਆਸ ਨਿਕਲਿਆ ਤੇ ਉਹ ਸਦਾ ਲਈ ਸ਼ਾਂਤ ਹੋ ਗਿਆ।

ਕਰਤਾਰਪੁਰ ਦੀ ਜੰਗ ਵਿਚ (ਗੁਰੂ) ਤੇਗ ਬਹਾਦਰ ਵੀ ਮੁਗਲ ਫੌਜੀਆਂ ਨਾਲ ਜੂਝ ਰਹੇ ਸਨ। ਮਾਤਾ ਨਾਨਕੀ ਜੀ ਵੀ ਇਹ ਜੰਗ ਛੱਤ ਤੇ ਖੜੇ ਹੋਕੇ ਵੇਖ ਰਹੇ ਸਨ। ਕੁਝ ਸਮੇਂ ਬਾਅਦ ਮਾਤਾ ਜੀ ਨੇ ਸੁਨੇਹਾ ਭਿਜਵਾਇਆ ਕਿ ਹੁਣ ਮੈਦਾਨ ਵਿਚੋਂ ਵਾਪਸ ਆ ਜਾਓ। (ਗੁਰੂ) ਤੇਗ਼ ਬਹਾਦਰ ਜੀ ਨੇ ਉਸੇ ਸਿੱਖ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਕਿ ਮਾਤਾ ਜੀ ਨੂੰ ਕਹਿ ਦਿਓ ਕਿ ਜਦੋਂ ਲੜਾਈ ਗਹਿਗੱਚ ਚਲ ਰਹੀ ਹੋਵੇ ਤਾਂ ਜੰਗ ਦੇ ਮੈਦਾਨ ਵਿਚੋਂ ਵਾਪਸ ਆਉਣਾ, ਕਾਇਰਤਾ ਦੀ ਨਿਸ਼ਾਨੀ ਹੁੰਦੀ ਹੈ। ਜਿਸ ਜੱਥੇ ਦੀ ਉਹ ਅਗਵਾਈ ਕਰ ਰਹੇ ਸਨ, ਉਹ ਸਾਰੇ ਹੈਰਾਨ ਸਨ ਕਿ 13 ਸਾਲ ਦਾ ਸਾਹਿਬਜ਼ਾਦਾ ਇਕ ਭਰ ਜੁਆਨ ਫ਼ੌਜੀ ਵਾਂਗ ਜੂਝ ਰਿਹਾ ਹੈ। ਉਹਨਾਂ ਵੱਲੋਂ ਦਿਖਾਏ ਤੇਗ ਦੇ ਜੌਹਰ ਵੇਖ ਕੇ 'ਦਲ ਭੰਜਨ ਗੁਰੂ' ਸਾਹਿਬ ਜੀ ਨੇ ਕਿਹਾ,"ਤੇਗ ਦੇ ਐਸੇ ਜੌਹਰ ਕੋਈ 'ਤੇਗ' ਦਾ 'ਬਹਾਦਰ' ਹੀ ਦਿਖਾ ਸਕਦਾ ਹੈ।"



ਇਸ ਤੋਂ ਇਲਾਵਾ ਸਿੱਖਾਂ ਨਾਲ ਇਕ ਛੋਟੀ ਲੜਾਈ ਦਾ ਹੋਰ ਵੇਰਵਾ ਵੀ ਇਤਿਹਾਸ ਵਿਚ ਮਿਲਦਾ ਹੈ। ਇਹ ਕੀਰਤਪੁਰ ਦੇ ਨੇੜੇ ਰੋਪੜ ਦੇ ਪਠਾਣਾਂ ਵੱਲੋਂ ਸਿੱਖਾਂ ਤੇ ਕੀਤਾ ਹੱਲਾ ਸੀ। ਇਸ ਸਮੇਂ ਗੁਰੂ ਸਾਹਿਬ ਜੀ ਉਥੇ ਨਹੀਂ ਸਨ, ਕਿਰਪਾ ਗੁਰੂ ਦੀ, ਫ਼ਤਿਹ ਸਿੱਖਾਂ ਦੀ ਹੋਈ ਸੀ।

*************************

# ਵਿਛੋੜੇ ਉਸਤਾਦ ਗੁਰਸਿੱਖਾਂ ਦੇ

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੇ ਜਿਉ ਬਾਲੂ ਕੀ ਭੀਤਿ॥50॥
ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਿਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥51॥

ਭਾਂਵੇਂ ਇਹ ਫ਼ੁਰਮਾਨ ਸਲੋਕਾਂ ਦੇ ਰੂਪ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਨ ਪਰ ਇਤਿਹਾਸ ਇਸ ਗੱਲ ਦੀ ਵੀ ਗਵਾਹੀ ਭਰਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਬਚਪਨ ਤੋਂ ਸਹਿਜ ਅਵਸਥਾ ਵਿਚ ਹੀ ਰਹਿੰਦੇ ਸਨ। ਵੱਡੇ ਬਜ਼ੁਰਗਾਂ ਅਤੇ ਗੁਰਸਿੱਖ ਉਸਤਾਦਾਂ ਦੇ ਵਿਛੋੜੇ ਕਾਰਨ ਉਹਨਾਂ ਦਾ ਮਨ ਹੋਰ ਗੰਭੀਰ ਹੁੰਦਾ ਗਿਆ।

**ਬਾਬਾ ਬੁੱਢਾ ਜੀ ਦਾ ਅਕਾਲ ਚਲਾਣਾ:**

1631 ਈਸਵੀ ਵਿਚ ਬਾਬਾ ਬੁੱਢਾ ਜੀ ਦੀ ਉਮਰ 125 ਸਾਲ ਦੀ ਹੋ ਚੁੱਕੀ ਸੀ। ਆਪਣਾ ਅੰਤਿਮ ਸਮਾਂ ਜਾਣ ਕੇ ਬਾਬਾ ਜੀ ਨੇ ਗੁਰੂ ਸਾਹਿਬ ਨੂੰ ਸਨਮੁਖ ਮਹਿਸੂਸ ਕਰਕੇ ਅਰਦਾਸ ਕੀਤੀ। ਇਕ ਸਿੱਖ ਨੂੰ ਗੁਰੂ ਹਰਗੋਬਿੰਦ ਪੁਰ ਭੇਜਿਆ ਕਿ ਦਰਸ਼ਨਾਂ ਦੀ ਸਿੱਕ ਹੈ। ਸਤਿਗੁਰੂ ਜੀ ਪਹਿਲਾਂ ਹੀ ਬਾਬਾ ਜੀ ਦੀ ਅਰਦਾਸ ਬੇਨਤੀ ਪ੍ਰਵਾਨ ਕਰਕੇ ਬਾਬਾ ਜੀ ਨੂੰ ਸੱਚਖੰਡ ਲਈ ਵਿਦਾਇਗੀ ਦੇਣ ਲਈ ਪਿੰਡ ਰਮਦਾਸ ਵੱਲ ਚੱਲ ਚੁੱਕੇ ਸਨ। ਭਾਈ ਗੁਰਦਾਸ ਜੀ ਨੂੰ ਉਹਨਾਂ ਨੇ ਨਾਲ ਲੈ ਲਿਆ ਸੀ। ਸਤਿਗੁਰੂ ਜੀ ਦਾ ਪਿੰਡ ਪੁੱਜਣਾ ਸੁਣ ਕਰਕੇ ਬਾਬਾ ਜੀ ਸਤਿਕਾਰ ਦੇਣ ਲਈ ਪਿੰਡ ਦੇ ਬਾਹਰ ਜਾਣਾ ਚਾਹੁੰਦੇ ਸਨ, ਪਰ ਸਰੀਰਕ ਤੌਰ ਤੇ ਕਮਜ਼ੋਰ ਹੋਣ ਕਰਕੇ ਟੁਰ ਨਹੀਂ ਸਨ ਸਕਦੇ।

ਗੁਰੂ ਜੀ ਨੇ ਆਉਣ ਸਾਰ ਬਾਬਾ ਜੀ ਦੇ ਚਰਨ ਛੋਹੇ। ਬਾਬਾ ਜੀ ਉੱਠ ਕੇ ਬੈਠ ਗਏ। ਮਨ ਬੈਰਾਗ ਨਾਲ ਭਰਿਆ ਹੋਇਆ ਸੀ। ਗੁਰੂ ਜੀ ਦੇ ਚਰਨ ਫੜ ਕੇ ਆਪਣੇ ਹੰਝੂਆਂ ਦੀ ਝੜੀ ਲਗਾ ਦਿੱਤੀ। ਕੁਝ ਚਿਰ ਗੁਰੂ ਜੀ ਨੇ ਵੀ ਆਪਣੀਆਂ ਨਜ਼ਰਾਂ ਉਹਨਾਂ ਉਪਰ ਟਿਕਾਈ ਰੱਖੀਆਂ। ਫਿਰ ਉਹਨਾਂ ਨੂੰ ਪਿਆਰ ਨਾਲ ਉਪਰ ਉਠਾਇਆ, ਆਪਣੇ ਕਲਾਵੇ ਵਿਚ ਲੈ ਕੇ ਪਿਆਰ ਦਿੱਤਾ। ਫਿਰ ਸਤਿਕਾਰ ਨਾਲ ਪੁੱਛਣ ਲੱਗੇ,"ਬਾਬਾ ਜੀ, ਤੁਸਾਂ ਨੇ ਪੰਜ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਹਨ। ਉਹਨਾਂ ਬਾਰੇ ਥੋੜਾ ਗਿਆਨ ਅਨੁਭਵ ਕਰਾਓ।"

ਬਾਬਾ ਜੀ ਬੋਲੇ,"ਆਪ ਜੀ ਸਭ ਜਾਣਦੇ ਹੋ, ਮੇਰੇ ਵਿਚ ਕੀ ਸ਼ਕਤੀ ਹੈ, ਜੋ ਮੈਂ ਗੁਰੂ ਸਾਹਿਬਾਨ ਜੀ ਬਾਰੇ ਕੁਝ ਬੋਲ ਸਕਾਂ"। ਗੁਰੂ ਜੀ ਨੇ ਕਿਹਾ,"ਅਸੀਂ ਤਾਂ ਸੱਭ ਜਾਣਦੇ ਹਾਂ, ਪਰ ਆਪ ਦੇ ਮੁੱਖ ਤੋਂ ਸੁਣਨਾ ਚਾਹੁੰਦੇ ਹਾਂ"।

ਬਾਬਾ ਜੀ ਬੋਲੇ,"ਗੁਰੂ ਨਾਨਕ ਜੀ ਨਿਰਾ ਨੂਰ ਸਨ। ਗੁਰੂ ਅੰਗਦ ਦੇਵ ਜੀ ਨਿਰੇ ਸਾਧੂ। ਸ਼ਾਂਤੀ ਤੇ ਪਿਆਰ ਦੀ ਮੂਰਤ, ਮਾਇਆ ਦੀ ਪਕੜ ਤੋਂ ਉੱਤੇ। ਗੁਰੂ ਅਮਰਦਾਸ ਜੀ ਦਾ ਇਕ ਹੱਥ ਸਦਾ ਆਸੀਸ ਲਈ ਉਠਿਆ ਹੁੰਦਾ ਤੇ ਦੂਜਾ ਸੇਵਾ ਵਿਚ ਲੱਗਿਆ ਰਹਿੰਦਾ। ਗੁਰੂ ਰਾਮ ਦਾਸ ਜੀ ਬਿਰਹੁੰ ਦੀ ਮੂਰਤ। ਗੁਰੂ ਅਰਜਨ ਦੇਵ ਜੀ ਨਿਰੇ ਸ਼ਾਂਤੀ ਦੇ ਸੋਮੇ, ਅਜਰ ਨੂੰ ਜਰਨ ਵਾਲੇ"।

ਕੈਸਾ ਨਜ਼ਾਰਾ ਸੀ। ਗੁਰੂ ਸਰੋਤਾ ਬਣਿਆ ਹੋਇਆ ਸੀ ਤੇ ਬਾਬਾ ਜੀ ਸੁਣਾ ਰਹੇ ਸਨ। ਸੁਣਾਉਣ ਵਾਲੇ ਅਤੇ ਸੁਣਨ ਵਾਲੇ ਸੱਭ ਦੇ ਨੈਣਾਂ ਵਿਚ ਬੈਰਾਗ ਦੇ ਹੰਝੂ ਸਨ। ਗੁਰ ਬਿਲਾਸ ਪਾਤਸ਼ਾਹੀ ਛੇਂਵੀ ਅਨੁਸਾਰ:

ਭਾਈ ਬੁੱਢੇ ਬਰਨਨ ਕੀਆ
ਸਰੋਤਾ ਸਤਿਗੁਰੂ ਆਪ।

ਸਤਿਗੁਰਾਂ ਨੇ ਬਾਬਾ ਬੁੱਢਾ ਜੀ ਤੋਂ ਆਸੀਸ ਮੰਗੀ। ਬਾਬਾ ਜੀ ਐਸੇ ਵਜਦ ਵਿਚ ਆਏ ਤੇ ਕਿਹਾ,"ਸਤਿਗੁਰੂ ਜੀ, ਆਪ ਦੀ ਸ਼ਮਸ਼ੀਰ ਦੋਖੀਆਂ ਨੂੰ ਵਿਆਕੁਲ ਕਰ ਦੇਵੇਗੀ। ਆਪ ਦਾ ਪੋਤਰਾ ਜ਼ੁਲਮ ਦੀਆਂ ਜੜਾਂ ਉਖੇੜ ਦੇਵੇਗਾ"।

ਸਤਿਗੁਰ ਜੀ ਨੇ ਬਾਬਾ ਜੀ ਦੇ ਘਰ ਹੀ ਇਸ਼ਨਾਨ ਕਰਕੇ ਬਾਬਾ ਜੀ ਪਾਸ ਬੈਠ ਕੇ ਜਪੁਜੀ ਦਾ ਪਾਠ ਆਰੰਭ ਕਰ ਦਿੱਤਾ। ਜਿਉਂ ਹੀ ਸਲੋਕ "ਪਵਣ ਗੁਰੂ ਪਾਣੀ ਪਿਤਾ" ਪੜ੍ਹਿਆ ਜਾ ਰਿਹਾ ਸੀ ਤਾਂ ਬਾਬਾ ਜੀ ਨੂੰ ਪਹਿਲੇ ਸਾਰੇ ਗੁਰੂ ਸਾਹਿਬਾਨ ਗੁਰੂ-ਜੋਤਿ ਵਿਚ ਨਜ਼ਰ ਆਏ। ਓਧਰ ਗੁਰੂ ਜੀ ਨੇ "ਕੇਤੀ ਛੁਟੀ ਨਾਲਿ॥" ਪੜ੍ਹਿਆ ਤੇ ਏਧਰ ਬਾਬਾ ਜੀ ਸੱਚਖੰਡ ਪਿਆਨਾਂ ਕਰ ਚੁੱਕੇ ਸਨ।

ਗੁਰੂ ਜੀ ਨੇ ਰਬਾਬੀਆਂ ਨੂੰ 'ਆਸਾ ਦੀ ਵਾਰ' ਅਤੇ ਮਾਰੂ ਡਖਣੇ ਦਾ ਸ਼ਬਦ ਗਾਉਣ ਦਾ ਹੁਕਮ ਕੀਤਾ। ਅੰਤਿਮ ਯਾਤਰਾ ਲਈ ਬਿਬਾਨ ਤਿਆਰ ਕੀਤਾ ਗਿਆ। ਅਰਥੀ ਨੂੰ ਇਕ ਪਾਸਿਉਂ ਗੁਰੂ ਹਰਗੋਬਿੰਦ ਸਾਹਿਬ ਨੇ ਮੋਢਾ ਦਿੱਤਾ, ਦੂਜੇ ਬੰਨੇ ਭਾਈ ਭਾਨਾ ਜੀ ਨੇ, ਪਿਛਲੇ ਪਾਸੇ ਭਾਈ ਗੁਰਦਾਸ ਜੀ ਅਤੇ ਭਾਈ ਅਜਿੱਤਾ ਜੀ ਸਨ। ਰਾਹ ਵਿਚ ਨਿਰੋਲ ਗੁਰਬਾਣੀ ਸ਼ਬਦ ਗਾਏ ਜਾ ਰਹੇ ਸਨ। ਚੰਦਨ ਦੀ ਚਿਖਾ ਸਜਾਈ ਗਈ। ਵਾਤਾਵਰਨ ਕਰੁਣਾਮਈ ਹੋ ਗਿਆ। ਹਰਖ-ਸੋਗ ਤੋਂ ਉਤਾਂਹ ਵਿਚਰਨ ਵਾਲੇ ਗੁਰੂ ਸਾਹਿਬ ਜੀ ਦੇ ਨੈਣਾਂ ਵਿਚ ਵੀ ਸਨੇਹ ਦੇ ਅੱਥਰੂ ਸਨ:

ਚਿਖਾ ਊਪਰ ਜਬ ਹੀ ਧਰੀ ਸਾਹਿਬ ਬੁੱਢੇ ਦੇਹ।
ਹਰਗੋਬਿੰਦ ਦੇ ਨੈਨ ਤੇ ਚਲਿਯੋ ਨੀਰ ਅਸਨੇਹ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ ਕਿ (ਗੁਰੂ) ਤੇਗ ਬਹਾਦਰ ਸਾਹਿਬ ਜੀ ਵੀ ਨਾਲ ਹੀ ਸਨ। ਉਹ ਉਸ ਸਮੇਂ ਕੇਵਲ 10 ਸਾਲ ਦੇ ਸਨ। ਉਹਨਾਂ ਤੇ ਬਾਬਾ ਬੁੱਢਾ ਜੀ ਦੇ ਸਹਿਜ ਸੁਭਾਅ ਸਰੀਰ ਛੱਡਣ ਦਾ ਬਹੁਤ ਡੂੰਘਾ ਅਸਰ ਪਿਆ।

**ਭਾਈ ਗੁਰਦਾਸ ਜੀ ਦਾ ਸੱਚਖੰਡ ਪਿਆਨਾ:**

ਭਾਈ ਗੁਰਦਾਸ ਜੀ ਗੁਰੂ ਨਾਨਕ ਸਾਹਿਬ ਜੀ ਦੀ ਤੀਜੀ ਜੋਤ ਗੁਰੂ ਅਮਰ ਦਾਸ ਜੀ ਦੇ ਭਤੀਜੇ ਸਨ। ਉਹਨਾਂ ਦੇ ਪਿਤਾ ਜੀ ਦਾ ਨਾਮ ਭਾਈ ਈਸ਼ਰ ਦਾਸ ਸੀ। ਮਾਤਾ ਜੀ ਦਾ ਨਾਮ ਮਾਤਾ ਜੀਵਨੀ ਜੀ ਸੀ। ਇਹ ਗੁਰੂ ਅੰਗਦ ਦੇਵ ਜੀ ਦੇ ਸਮੇਂ ਸਿੱਖੀ ਵਿਚ ਆਏ ਸਨ। ਛੋਟੀ ਉਮਰੇ ਹੀ ਮਾਤਾ ਪਿਤਾ ਜੀ ਦੇ ਅਕਾਲ ਚਲਾਣਾ ਕਰ ਜਾਣ ਤੋਂ ਪਿਛੋਂ ਇਹ ਗੁਰੂ ਅਮਰ ਦਾਸ ਜੀ ਕੋਲ ਗੋਇੰਦਵਾਲ ਸਾਹਿਬ ਆ ਗਏ ਸਨ। ਗੁਰੂ ਸਾਹਿਬ ਜੀ ਨੇ ਇਹਨਾਂ ਦਾ ਪਾਲਣ-ਪੋਸ਼ਣ ਆਪਣੇ ਬੱਚੇ ਦੀ ਤਰ੍ਹਾਂ ਕੀਤਾ। ਇਹਨਾਂ ਦੀ ਵਿਦਿਆ ਦਾ ਪ੍ਰਬੰਧ ਸ੍ਰੀ ਸੁਲਤਾਨ ਪੁਰ ਲੋਧੀ ਕੀਤਾ ਗਿਆ। ਸੰਸਕ੍ਰਿਤ, ਫ਼ਾਰਸੀ, ਪੰਜਾਬੀ ਅਤੇ ਹਿੰਦੀ ਦਾ ਗਿਆਨ ਪ੍ਰਾਪਤ ਕੀਤਾ।

ਗੁਰੂ ਅਮਰ ਦਾਸ ਜੀ ਤੋਂ ਗੁਰੂ ਹਰਗੋਬਿੰਦ ਸਾਹਿਬ ਜੀ ਤੱਕ ਭਾਈ ਗੁਰਦਾਸ ਜੀ ਗੁਰੂ ਸਾਹਿਬਾਨ ਜੀ ਦੇ ਨਿਕਟਵਰਤੀ ਸਿੱਖਾਂ ਵਿਚੋਂ ਸਨ। ਜਦੋਂ ਪ੍ਰਿਥੀ ਚੰਦ ਨੇ ਸੰਗਤ ਦੀ ਨਾਕਾਬੰਦੀ ਕਰਕੇ ਰਸਦ ਅਤੇ ਭੇਟਾ ਆਪਣੇ ਕੋਲ ਰਖਵਾਉਣੀ ਸ਼ੁਰੂ ਕਰ ਲਈ ਸੀ ਤਾਂ ਭਾਈ ਗੁਰਦਾਸ ਜੀ ਨੇ ਅੱਗੋਂ ਹੋ ਕੇ ਸੰਗਤਾਂ ਨੂੰ ਸਮਝਾ ਕੇ ਗੁਰੂ ਅਰਜਨ ਸਾਹਿਬ ਜੀ ਕੋਲ ਭੇਜਣਾ ਸ਼ੁਰੂ ਕੀਤਾ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਉਹਨਾਂ ਤੋਂ ਲਿਖਵਾਈ। ਉਸ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੋਥੀ ਸਾਹਿਬ ਕਿਹਾ ਜਾਂਦਾ ਸੀ। ਉਹ ਗੁਰੂ ਸਾਹਿਬ ਜੀ ਦੇ ਸਮਕਾਲੀ ਲੇਖਕ, ਕਵੀ ਅਤੇ ਕਥਾਕਾਰ ਸਨ। ਗੁਰੂ ਅਰਜਨ ਸਾਹਿਬ ਜੀ ਨੇ ਉਹਨਾਂ ਦੀ ਰਚਨਾ ਨੂੰ 'ਗੁਰਬਾਣੀ' ਦੀ 'ਕੁੰਜੀ' ਦਾ ਖਿਤਾਬ ਦਿੱਤਾ। ਉਹਨਾਂ ਨੇ ਕਾਫ਼ੀ ਸਮਾਂ ਆਗਰੇ, ਲਖਨਊ, ਬੁਰਹਾਨਪੁਰ ਅਤੇ ਬਨਾਰਸ ਵਿਚ ਸਿੱਖੀ ਦਾ ਪ੍ਰਚਾਰ ਕੀਤਾ।

ਉਹਨਾਂ ਨੂੰ ਇਹ ਮਾਣ ਵੀ ਪ੍ਰਾਪਤ ਹੈ ਕਿ ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕੀਤੀ, ਤਾਂ ਬਾਬਾ ਬੁੱਢਾ ਜੀ ਦੇ ਨਾਲ ਉਹਨਾਂ ਤੋਂ ਵੀ ਸੇਵਾ ਲਈ ਗਈ। ਗੁਰ ਬਿਲਾਸ ਪਾਤਸ਼ਾਹੀ ਛੇਂਵੀ ਅਨੁਸਾਰ:

ਕਿਸੀ ਰਾਜ ਨਹਿ ਹਾਥ ਲਗਾਯੋ।
ਬੁੱਢਾ ਔ ਗੁਰਦਾਸ ਬਨਾਯੋ।

ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਜਦੋਂ ਜਹਾਂਗੀਰ ਵੱਲੋਂ ਗਵਾਲੀਅਰ ਦੇ ਕਿਲੇ ਵਿਚ ਕੈਦ ਕੀਤਾ ਗਿਆ ਤਾਂ ਉਹਨਾਂ ਨੇ ਭਾਈ ਗੁਰਦਾਸ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਾ ਦਿੱਤਾ। ਜਦੋਂ ਵੀ ਗੁਰੂ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਪ੍ਰਚਾਰ ਦੌਰੇ ਲਈ ਕਿਤੇ ਜਾਂਦੇ ਤਾਂ ਭਾਈ ਗੁਰਦਾਸ ਜੀ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਾ ਕੇ ਜਾਂਦੇ। ਬਿਰਧ ਅਵਸਥਾ ਹੋ ਜਾਣ ਕਰਕੇ ਜਦੋਂ ਉਹਨਾਂ ਨੇ ਇਹ ਵੇਖਿਆ ਕਿ ਹੁਣ ਉਹ ਸੇਵਾ ਨਹੀ ਕਰ ਸਕਦੇ, ਤਾਂ ਉਹ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਆਗਿਆ ਲੈ ਕੇ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਇਥੇ ਰੋਜ਼ ਹੀ ਅਰਦਾਸ ਕਰਿਆ ਕਰਨ ਕਿ ਹੇ 'ਭਾਰੀ ਗੁਰੂ – ਛਟਮ ਪੀਰ' ਜੀਓ! ਆਪ ਜੀ ਕਿਰਪਾ ਕਰਕੇ ਮੇਰਾ ਅੰਤਿਮ ਵੇਲਾ, ਆਪ ਆ ਕੇ ਸੰਭਾਲ ਲੈਣਾ। ਐਸੀ ਕਿਰਪਾ ਕਰਨਾ ਕਿ ਮੇਰੇ ਸੁਆਸ ਆਪ ਜੀ ਚਰਨਾਂ ਵਿਚ ਨਿਕਲਣ।

ਇਹ ਤਾਂ ਹੋ ਨਹੀਂ ਸੀ ਸਕਦਾ ਕਿ ਸਿੱਖ ਦੀ ਅਰਦਾਸ ਗੁਰੂ ਤੱਕ ਨਾ ਪਹੁੰਚੇ। ਇਕ ਦਿਨ ਗੁਰੂ ਸਾਹਿਬ ਜੀ ਨੇ ਭਾਈ ਬਿਧੀ ਚੰਦ ਨੂੰ ਕਿਹਾ,'ਜਾਣ ਦੀ ਤਿਆਰੀ ਕਰੋ, ਅਸੀਂ ਕੁਝ ਦਿਨ ਸ੍ਰੀ ਗੋਇੰਦਵਾਲ ਸਾਹਿਬ ਜਾ ਕੇ ਰਹਿਣਾ ਹੈ'। ਕੁਝ ਸਮੇਂ ਬਾਅਦ ਗੁਰੂ ਸਾਹਿਬ ਜੀ ਨੇ ਭਾਈ ਭਾਨਾ ਜੀ, ਭਾਈ ਜੇਠਾ ਜੀ, ਭਾਈ ਬਿਧੀ ਚੰਦ ਜੀ ਅਤੇ ਕੁਝ ਹੋਰ ਸਿੱਖਾਂ ਸਮੇਤ ਸ੍ਰੀ ਗੋਇੰਦਵਾਲ ਸਾਹਿਬ ਵੱਲ ਚਾਲੇ ਪਾ ਦਿਤੇ। ਗੋਇੰਦਵਾਲ ਸਾਹਿਬ ਪਹੁੰਚ ਕੇ ਸੱਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਦੇ ਥੜ੍ਹਾ ਸਾਹਿਬ (ਜਿਸ ਥਾਂ ਤੇ ਬੈਠ ਕੇ ਬਾਉਲੀ ਸਾਹਿਬ ਦੀ ਸੇਵਾ ਕਰਵਾਇਆ ਕਰਦੇ ਸਨ) ਨੂੰ ਨਮਸਕਾਰ ਕੀਤੀ। ਨਾਲ ਆਏ ਸਿੱਖਾਂ ਨੂੰ ਕਿਹਾ,"ਆਪ ਵੀ ਨਮਸਕਾਰ ਕਰਕੇ ਬਾਉਲੀ ਸਾਹਿਬ ਦੇ ਸਾਹਮਣੇ ਸ਼ਾਮਿਆਨੇ ਲਗਾ ਲਓ।" ਗੁਰੂ ਜੀ ਆਪ ਚੁਬਾਰਾ ਸਾਹਿਬ ਚਲੇ ਗਏ। ਉਥੇ ਹੀ ਭਾਈ ਗੁਰਦਾਸ ਜੀ ਨੂੰ ਮਿਲੇ ਅਤੇ ਸਵੇਰ ਦੇ ਦੀਵਾਨ ਵਿਚ ਹਾਜ਼ਰੀ ਭਰਨ ਲਈ ਕਹਿ ਕੇ ਵਾਪਸ ਗੁਰਸਿੱਖਾਂ ਕੋਲ ਆ ਗਏ।

ਸਵੇਰੇ ਅੰਮ੍ਰਿਤ ਵੇਲੇ ਦੀਵਾਨ ਸਜਿਆ। ਨਿਤਨੇਮ ਦੀਆਂ ਬਾਣੀਆਂ ਦਾ ਪਾਠ ਹੋਇਆ। ਆਸਾ ਦੀ ਵਾਰ ਦਾ ਕੀਰਤਨ ਹੋਇਆ। ਕੀਰਤਨ ਦੀ ਸਮਾਪਤੀ ਤੋਂ ਬਾਅਦ ਭਾਈ ਗੁਰਦਾਸ ਜੀ ਉਠ ਕੇ ਗੁਰੂ ਸਾਹਿਬ ਜੀ ਕੋਲ ਗਏ। ਉਹਨਾਂ ਨੂੰ ਕਹਿਣ ਲੱਗੇ,'ਹੁਣ ਜ਼ਿਆਦਾ ਦੇਰ ਨਹੀਂ, ਅਪਣੇ ਚਰਨਾਂ ਵਿਚ ਥਾਂ ਦੇ ਦਿਓ ਜੀ। ਇਹ ਵੀ ਬੇਨਤੀ ਕੀਤੀ ਕਿ ਮੇਰਾ ਦੇਹੁਰਾ ਨਹੀਂ ਬਣਾਉਣਾ। ਰਾਖ ਬਿਆਸ ਵਿਚ ਰੋੜ੍ਹ ਦੇਣਾ।' ਗੁਰੂ ਸਾਹਿਬ ਜੀ ਨੇ ਬਾਂਹ ਫ਼ੜ ਕੇ ਆਪਣੇ ਕੋਲ ਬਿਠਾਇਆ। ਬਿਲਕੁਲ ਉਸੇ ਤਰ੍ਹਾਂ ਜਿਵੇਂ ਬਾਂਹ ਤੋਂ ਫ਼ੜ ਕੇ ਅਕਾਲ ਤਖ਼ਤ ਸਾਹਿਬ ਵਿਖੇ ਆਪਣੇ ਕੋਲ ਬਿਠਾਇਆ ਕਰਦੇ ਸਨ। ਨਾਲ ਹੀ ਸੰਗਤ ਨੂੰ ਹੁਕਮ ਕੀਤਾ ਕਿ 'ਜਪੁਜੀ' ਦਾ ਪਾਠ ਕਰੋ। ਪਾਠ ਦੀ ਸਮਾਪਤੀ ਬਾਅਦ ਭਾਈ ਸਾਹਿਬ ਜੀ ਨੇ ਗੁਰੂ ਸਾਹਿਬ ਦੇ ਚਰਨਾਂ ਤੇ ਆਪਣਾ ਸਿਰ ਟਿਕਾ ਦਿਤਾ। ਗੁਰੂ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਵੱਲੋਂ ਕੀਤੀ ਅਰਦਾਸ ਉਹਨਾਂ ਦੀ ਭਾਵਨਾ ਅਨੁਸਾਰ ਸੰਪੂਰਨ ਕੀਤੀ। ਜ਼ਿਆਦਾਤਰ ਵਿਦਵਾਨਾਂ ਨੇ ਉਸ ਦਿਨ ਤਰੀਕ 25 ਅਗਸਤ, 1636 ਈਸਵੀ ਲਿਖੀ ਹੈ।

ਅਰਥੀ ਦੇ ਅਗਲੇ ਪਾਸੇ ਗੁਰੂ ਹਰਗੋਬਿੰਦ ਸਾਹਿਬ ਅਤੇ ਭਾਈ ਭਾਨਾ ਜੀ ਨੇ ਮੋਢਾ ਦਿੱਤਾ ਅਤੇ ਪਿਛਲੇ ਪਾਸੇ ਭਾਈ ਬਿਧੀ ਚੰਦ ਅਤੇ ਭਾਈ ਜੇਠਾ ਜੀ ਸਨ। ਸਾਰਾ ਮਾਹੌਲ ਸ਼ੋਕਮਈ ਸੀ। ਅਗਲੇ ਦਿਨ ਭਾਈ ਭਾਨਾ ਜੀ ਨੂੰ ਪੋਥੀ ਸਾਹਿਬ ਦਾ ਪਾਠ ਆਰੰਭ ਕਰਨ ਲਈ ਕਿਹਾ। ਗੁਰੂ ਸਾਹਿਬ ਜੀ ਅਤੇ ਸਾਰੀ ਸੰਗਤ ਭੋਗ ਪੈਣ ਤੱਕ ਗੋਇੰਦਵਾਲ ਸਾਹਿਬ ਹੀ ਰਹੇ।

### ਬਾਬਾ ਗੁਰਦਿੱਤਾ ਜੀ ਦਾ ਸੱਚਖੰਡ ਪਿਆਨਾ:

ਬਾਬਾ ਗੁਰਦਿੱਤਾ ਜੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਦੇ ਸੱਭ ਤੋਂ ਵੱਡੇ ਭਰਾ ਸਨ। ਇਤਿਹਾਸ ਵਿਚ ਇਹ ਕਈ ਵਿਦਵਾਨਾਂ ਨੇ ਲਿਖਿਆ ਹੈ ਕਿ ਉਹਨਾਂ ਦਾ ਮੁਹਾਂਦਰਾ ਗੁਰੂ ਨਾਨਕ ਸਾਹਿਬ ਜੀ ਵਰਗਾ ਸੀ। ਸ਼ਾਇਦ ਇਸ ਕਾਰਨ ਹੀ ਗੁਰੂ ਹਰਗੋਬਿੰਦ ਸਾਹਿਬ ਜੀ ਬਚਪਨ ਤੋਂ ਹੀ ਉਹਨਾਂ ਨੂੰ ਬਾਬਾ ਜੀ ਕਹਿ ਕੇ ਬੁਲਾਇਆ ਕਰਦੇ ਸਨ। ਜਾਂ ਇਸ ਕਰਕੇ ਕਿ ਉਹ ਬਹੁਤ ਭਗਤੀ ਕਰਦੇ ਸਨ ਜਾਂ ਫਿਰ ਅੰਤਰਜਾਮੀ ਸਤਿਗੁਰੂ ਜੀ ਜਾਣਦੇ ਸਨ ਕਿ ਅੱਗੇ ਚੱਲ ਕੇ ਉਹਨਾਂ ਨੇ ਵੱਡੇ ਗੁਰੂ– ਗੁਰੂ ਨਾਨਕ ਸਾਹਿਬ ਜੀ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਦੀ ਥਾਂ ਤੇ ਉਹਨਾਂ ਵੱਲੋਂ ਚਲਾਈ 'ਉਦਾਸੀ ਸੰਪਰਦਾ' ਦੀ ਵਾਗਡੋਰ ਸੰਭਾਲਣੀ ਹੈ।

ਗੁਰੂ ਹਰਗੋਬਿੰਦ ਸਾਹਿਬ ਜੀ ਪਰਿਵਾਰ ਸਮੇਤ ਬਾਬਾ ਸ੍ਰੀ ਚੰਦ ਜੀ ਨੂੰ ਉਹਨਾਂ ਦੇ ਡੇਰੇ ਮਿਲਣ ਗਏ। ਉਹਨਾਂ ਦਾ ਡੇਰਾ ਬਾਰਠ, ਜ਼ਿਲਾ ਪਠਾਨਕੋਟ ਵਿਚ ਹੈ। ਬਾਬਾ ਸ੍ਰੀ ਚੰਦ ਜੀ ਨੇ ਗੁਰੂ ਸਾਹਿਬ ਜੀ ਦਾ ਬਹੁਤ ਸਤਿਕਾਰ ਕੀਤਾ। ਬਾਬਾ ਜੀ ਨੇ ਉਹਨਾਂ ਨੂੰ ਪੁੱਛਿਆ ਕਿ ਆਪ ਜੀ ਦੇ ਕਿਤਨੇ ਸਾਹਿਬਜ਼ਾਦੇ ਹਨ। ਗੁਰੂ ਸਾਹਿਬ ਜੀ ਨੇ ਕਿਹਾ,'ਜੀ, ਚਾਰ ਸਪੁੱਤਰ ਹਨ ਤੇ ਇਕ ਸਪੁੱਤਰੀ ਹੈ। ਇਕ ਸਪੁੱਤਰ ਚੜ੍ਹਾਈ ਕਰ ਗਿਆ ਹੈ।' ਬਾਬਾ ਸ੍ਰੀ ਚੰਦ ਜੀ ਨੇ ਕਿਹਾ ਕਿ ਕੋਈ 'ਬਾਬੇ' ਦਾ ਵੀ ਹੈ ਕਿ ਨਹੀਂ? ਗੁਰੂ ਸਾਹਿਬ ਜੀ ਨੇ ਫ਼ੁਰਮਾਇਆ,'ਸੱਭ ਹਾਜ਼ਰ ਹਨ'। ਬਾਬਾ ਜੀ ਕਹਿਣ ਲੱਗੇ,'ਅੱਛਾ, ਤਾਂ ਫਿਰ ਇਹ ਸਾਨੂੰ ਦੇ ਦਿਓ ਜੋ ਸਾਡੇ ਪਿਤਾ ਜੀ ਵਰਗਾ ਦਿਖਦਾ ਹੈ। ਕੀ ਨਾਮ ਹੈ ਇਸ ਦਾ? ਬਾਬਾ ਜੀ ਨੇ ਪੁੱਛਿਆ। 'ਜੀ ਗੁਰਦਿੱਤਾ' ਦੱਸਦੇ ਹੋਏ ਗੁਰੂ ਸਾਹਿਬ ਜੀ ਨੇ ਵੱਡੇ ਸਪੁੱਤਰ ਨੂੰ ਉਹਨਾਂ ਦੀ ਝੋਲੀ ਪਾ ਦਿੱਤਾ। ਬਾਬਾ ਜੀ ਨੇ ਕਿਹਾ,'ਤੁਸੀਂ ਵੀ ਕੁਝ ਮੰਗੋ'। ਗੁਰੂ ਸਾਹਿਬ ਜੀ ਨੇ ਫ਼ੁਰਮਾਇਆ,'ਪ੍ਰਮਾਤਮਾ ਦਾ ਦਿੱਤਾ ਸੱਭ ਕੁਝ ਹੈ'। ਬਾਬਾ ਜੀ ਨੇ

ਕਿਹਾ,'110 ਸਾਲ ਦਾ ਤਪ ਵੀ ਆਪ ਦੇ ਘਰ ਦੇਣ ਲੱਗੇ ਹਾਂ। ਇਹ ਗੁਰਦਿੱਤਾ, ਤੁਹਾਡਾ ਵੀ ਟਿੱਕਾ ਤੇ ਸਾਡਾ ਵੀ ਟਿੱਕਾ। ਇਹ ਦੀਨ ਦੁਨੀ ਦਾ ਵੀ ਟਿੱਕਾ'।

ਬਾਬਾ ਸ੍ਰੀ ਚੰਦ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਬਾਬਾ ਗੁਰਦਿਤਾ ਜੀ ਨੇ ਕੀਰਤਪੁਰ ਸਾਹਿਬ ਵਿਚ ਟਿਕਾਣਾ ਬਣਾ ਲਿਆ। ਇਥੇ ਉਦਾਸੀ ਸੰਪਰਦਾ ਦਾ ਪ੍ਰਚਾਰ ਕਰਦੇ ਹੋਏ ਇਹਨਾਂ ਨੇ ਇਕ ਬੁੱਢੀ ਮਾਤਾ ਦੀ ਮਰੀ ਹੋਈ ਗਊ ਨੂੰ ਜਿਊਂਦਾ ਕਰ ਦਿੱਤਾ ਸੀ। ਜਦੋਂ ਗੁਰੂ ਸਾਹਿਬ ਜੀ ਨੂੰ ਇਸ ਘਟਨਾ ਬਾਰੇ ਪਤਾ ਲੱਗਿਆ। ਉਹਨਾਂ ਨੇ ਇਸ ਦਾ ਬਹੁਤ ਬੁਰਾ ਮਨਾਇਆ। ਇਸ ਕਾਰਨ ਉਹ ਸਾਂਈ ਬੁੱਢਣ ਸ਼ਾਹ ਦੀ ਸਮਾਧ ਦੇ ਨੇੜੇ ਚਾਦਰ ਤਾਣ ਕੇ ਲੇਟ ਗਏ ਅਤੇ ਪ੍ਰਮਾਤਮਾ ਦੀ ਜੋਤ ਵਿਚ ਅਭੇਦ ਹੋ ਗਏ। ਇਹ ਦਿਨ ਸੀ 15 ਮਾਰਚ, 1638 ਦਾ।

**ਭਾਈ ਬਿਧੀ ਚੰਦ ਜੀ ਦਾ ਅਕਾਲ ਚਲਾਣਾ:**

ਬਾਬਾ ਗੁਰਦਿੱਤਾ ਜੀ ਦੇ ਅਕਾਲ ਚਲਾਣੇ ਤੋਂ ਕੇਵਲ 5 ਮਹੀਨੇ ਬਾਅਦ ਹੀ ਗੁਰੂ ਸਾਹਿਬ ਜੀ ਦੇ ਮਹਾਨ ਯੋਧੇ ਤੇ ਮਹਾਨ ਸਿੱਖ ਭਾਈ ਬਿਧੀ ਚੰਦ ਜੀ ਨੇ ਅਯੁੱਧਿਆ ਦੇ ਨੇੜੇ ਪੈਂਦੇ ਦੇਓ ਨਗਰ ਵਿਚ ਸਾਂਈ ਬੁੱਢਣ ਸ਼ਾਹ ਦੇ ਚੇਲੇ ਭਾਈ ਸੁੰਦਰ ਸ਼ਾਹ ਨਾਲ ਕੀਤੇ ਆਪਣੇ ਵਾਅਦੇ ਅਨੁਸਾਰ ਇਕੋ ਦਿਨ ਇਕ ਹੀ ਸਮੇਂ ਆਪਣਾ ਦੇਹ ਰੂਪੀ ਚੋਲਾ ਤਿਆਗ ਦਿੱਤਾ। ਇਹ ਦਿਨ ਸੀ 15 ਅਗਸਤ, 1638 ਈਸਵੀ।

*************************

**ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪ੍ਰਭਾਵ**

ਸ਼ਹਾਦਤ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਆਪਣੇ ਬਚਨ
'ਹੈ ਹੈ ਹੈ ਸਭ ਭਯੋ ਜੈ ਜੈ ਜੈ ਸੁਰ ਲੋਕਿ'
ਅਨੁਸਾਰ ਸਾਰੇ ਜਗਤ ਨੇ ਤਾਂ ਹਾਇ ਹਾਇ ਕੀਤੀ ਪਰ ਦੇਵਤਿਆਂ ਨੇ ਜੈ ਜੈ ਕੀਤੀ।
ਇਕ ਮੁਸਲਮਾਨ ਦਰਵੇਸ਼ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪਾਵਨ ਸਰੀਰ ਨੂੰ ਦੇਖਿਆ ਤਾਂ ਉੱਚੀ ਪੁਕਾਰ ਕੇ ਕਿਹਾ,'ਸੁਲਤਾਨ ਨੇ ਚੰਗਾ ਨਹੀਂ ਕੀਤਾ। ਹੁਣ ਬਗ਼ਾਵਤ ਦਾ ਇਕ ਐਸਾ ਤੂਫ਼ਾਨ ਉਠੇਗਾ ਜੋ ਸਾਰੀ ਦਿੱਲੀ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ ਅਤੇ ਦਿੱਲੀ ਨੂੰ ਉਜਾੜ ਦੇਵੇਗਾ।'
ਇਕ ਹੋਰ ਫ਼ਕੀਰ ਨੇ ਕਿਹਾ,'ਛੇਤੀ ਹੀ ਅਲ੍ਹਾਹ ਪਾਕ ਦੇ ਹੁਕਮ ਨਾਲ ਇਸ ਧਰਤੀ ਤੇ ਵੱਡੀਆਂ ਆਫ਼ਤਾਂ ਤੇ ਦੁਰਘਟਨਾਵਾਂ ਸੱਭ ਦੇ ਸਾਹਮਣੇ ਹੋਣਗੀਆਂ।'
ਇਸੇ ਤਰਾਂ ਹੋਇਆ।
ਮੁੱਖ ਕਾਜ਼ੀ ਅਬਦੁਲ ਵਹਾਬ ਵੋਹਰਾ, ਜਿਸ ਨੇ ਫ਼ਤਵਾ ਸੁਣਾਇਆ ਸੀ, 15 ਦਿਨ ਬਾਅਦ ਮਰ ਗਿਆ। ਚਾਂਦਨੀ ਚੌਕ ਦਾ ਕੋਤਵਾਲ ਅਬਦੁੱਲਾ ਅਸਤੀਫ਼ਾ ਦੇ ਕੇ ਆਨੰਦਪੁਰ ਆ ਗਿਆ ਅਤੇ ਭੇਸ ਬਦਲ ਕੇ ਉਥੇ ਹੀ ਟਿਕ ਕੇ ਪਛਤਾਵਾ ਕਰਦਾ ਰਿਹਾ।
ਔਰੰਗਜ਼ੇਬ ਜਦੋਂ ਦਿੱਲੀ ਵਾਪਸ ਆਇਆ ਤਾਂ ਉਹ ਪਹਿਲਾਂ ਵਰਗਾ ਨਹੀਂ ਰਿਹਾ। ਉਹ ਰਾਤ ਨੂੰ ਸੁੱਤਾ ਸੁੱਤਾ ਬੋਲਦਾ ਤੇ ਡਰ ਕੇ ਉਠ ਜਾਂਦਾ ਸੀ।
(ਇਸ ਤੋਂ ਅੱਗੇ ਪੜ੍ਹੋ ਪੰਨਾ 33 ਉਪਰ)

## ਗੁਰੂ ਦੀ ਕੀਰਤੀ- ਹੁਣ ਕੀਰਤਪੁਰ ਵਿਚ

ਕਰਤਾਰਪੁਰ ਦੀ ਜੰਗ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਹੁਣ ਕੀਰਤਪੁਰ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਸੀ। ਦੀਵਾਨ ਸਜਣ ਲੱਗੇ। ਦੂਰੋਂ ਨੇੜਿਓਂ ਸੰਗਤ ਹੁਣ ਕੀਰਤਪੁਰ ਸਾਹਿਬ ਪੁੱਜਣ ਲਗੀ। ਨਿਕਟ ਵਰਤੀ ਸਿੱਖਾਂ ਨੇ ਹੁਣ ਆਪਣਾ ਨਿਵਾਸ ਕੀਰਤਪੁਰ ਸਾਹਿਬ ਹੀ ਕਰ ਲਿਆ। ਗੁਰੂ ਸਾਹਿਬ ਜੀ ਪ੍ਰਚਾਰ ਕਰਨ ਲਈ ਇਥੋਂ ਹੀ ਮਾਲਵੇ ਅਤੇ ਬਾਂਗੜ ਦੇਸ਼ (ਬੀਕਾਨੇਰ ਅਤੇ ਜੋਧਪੁਰ ਦਾ ਇਲਾਕਾ) ਦੇ ਦੌਰੇ ਤੇ ਜਾਂਦੇ ਅਤੇ ਵਾਪਸ ਕੀਰਤਪੁਰ ਹੀ ਆ ਜਾਂਦੇ। (ਗੁਰੂ) ਤੇਗ ਬਹਾਦਰ ਜੀ ਵੀ ਕਈ ਵਾਰੀ ਨਾਲ ਹੀ ਹੁੰਦੇ। ਉਹ ਪਿਤਾ ਗੁਰੂ ਜੀ ਨਾਲ ਪੀਰਾਂ-ਫ਼ਕੀਰਾਂ ਦੀ ਚਰਚਾ ਹੁੰਦੀ ਵੀ ਸੁਣਦੇ। ਆਈ ਹੋਈ ਸੰਗਤ ਦੀ ਸੇਵਾ ਵੀ ਕਰਦੇ।

ਗੁਰੂ ਸਾਹਿਬ ਜੀ ਨੇ ਸਾਂਈ ਬੁੱਢਣ ਸ਼ਾਹ ਜੀ ਦੇ ਪ੍ਰਲੋਕ ਗਮਨ ਤੋਂ ਬਾਅਦ ਉਹਨਾਂ ਦੀ ਸਮਾਧ ਆਪਣੀ ਦੇਖ ਰੇਖ ਵਿਚ ਬਣਵਾਈ। ਉਹਨਾਂ ਦੇ ਸਰੀਰ ਰੂਪੀ ਚੋਲਾ ਤਿਆਗਣ ਤੋਂ ਪਿਛੋਂ ਉਹਨਾਂ ਦਾ ਇਕ ਚੇਲਾ ਸਾਂਈ ਸੁੰਦਰ ਸ਼ਾਹ ਕੀਰਤਪੁਰ ਆਇਆ। ਉਹਨਾਂ ਦਾ ਬਹੁਤ ਸੁੰਦਰ ਸਥਾਨ ਬਣਿਆ ਦੇਖ ਕੇ ਬਹੁਤ ਪ੍ਰਭਾਵਿਤ ਹੋਇਆ। ਉਸਨੂੰ ਦੱਸਿਆ ਗਿਆ ਕਿ ਇਹ ਸਥਾਨ ਸਿੱਖਾਂ ਦੇ ਗੁਰੂ ਹਰਗੋਬਿੰਦ ਸਾਹਿਬ ਨੇ ਬਣਵਾਇਆ ਹੈ ਤਾਂ ਉਹ ਦਰਸ਼ਨ ਕਰਨ ਆਇਆ ਤੇ ਗੁਰੂ ਸਾਹਿਬ ਜੀ ਨਾਲ ਵਿਚਾਰ ਕਰਕੇ ਉਹਨਾਂ ਦਾ ਹੀ ਹੋ ਕੇ ਰਹਿ ਗਿਆ। ਭਾਈ ਬਿਧੀ ਚੰਦ ਨਾਲ ਤਾਂ ਸੁੰਦਰ ਸ਼ਾਹ ਦੀ ਦੋਸਤੀ ਹੀ ਹੋ ਗਈ। ਉਹ ਆਪਸ ਵਿਚ ਇਹ ਵਾਅਦਾ ਵੀ ਕਰ ਬੈਠੇ ਸਨ ਕਿ ਇਕੋ ਸਮੇਂ ਤੇ ਅਤੇ ਇਕੋ ਜਗ੍ਹਾ ਤੇ ਆਪਣਾ ਸਰੀਰ ਰੂਪੀ ਚੋਲਾ ਛੱਡਣਗੇ।

ਗੁਰੂ ਸਾਹਿਬ ਜੀ ਕੀਰਤਪੁਰ ਸਾਹਿਬ ਵਿਚ ਲੱਗਭਗ 11 ਸਾਲ ਰਹੇ। ਗੁਰੂ ਸਾਹਿਬ ਜੀ (ਗੁਰੂ) ਹਰਿ ਰਾਇ ਜੀ ਵਿਚ ਗੁਰੂ ਨਾਨਕ ਦੀ ਜੋਤ ਦਾ ਵਾਰਸ ਹੋਣ ਦੇ ਗੁਣ ਵੇਖਣ ਲੱਗ ਗਏ ਸਨ। ਬਾਗ ਵਿਚ ਟਹਿਲਦੇ ਹੋਏ ਇਕ ਵਾਰੀ ਉਹਨਾਂ ਦੇ ਚੋਲੇ ਨਾਲ ਅੜ ਕੇ ਇਕ ਫੁੱਲ ਟੁੱਟ ਗਿਆ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕਿਹਾ ਸੀ,"ਬੇਟਾ, ਜੇਕਰ ਚੋਲਾ ਵੱਡਾ ਹੋਵੇ ਤਾਂ ਦਾਮਨ ਸੰਭਾਲ ਕੇ ਤੁਰੀਦਾ ਹੈ"। ਗੁਰੂ ਜੀ ਨੇ ਤਾਂ ਇਹ ਇਕੋ ਵਾਰੀ ਕਿਹਾ ਸੀ ਪਰ ਉਹ ਜਦੋਂ ਵੀ ਚਲਦੇ, ਚੋਲਾ ਸਦਾ ਹੀ ਸੰਭਾਲ ਕੇ ਚਲਦੇ। ਸਦਾ ਹੁਕਮ ਮੰਨਣਾ, ਬਾਣੀ ਪੜ੍ਹਦੇ ਰਹਿਣਾ, ਆਈ ਹੋਈ ਸੰਗਤ ਦੀ ਸੇਵਾ ਕਰਨਾ ਅਤੇ ਆਪਣੇ ਪਿਤਾ ਜੀ ਦੇ ਅਸਥਾਨ ਤੇ ਜਾ ਕੇ ਵੀ ਸੇਵਾ ਕਰਨਾ- ਇਹ ਸਾਰੇ ਗੁਣ ਉਹਨਾਂ ਵਿਚ ਸਨ। ਉਹਨਾਂ ਨੇ ਕੀਰਤਨ ਵਿਚ ਵੀ ਛੇਤੀ ਹੀ ਮੁਹਾਰਤ ਹਾਸਲ ਕਰ ਲਈ ਸੀ। ਗੁਰੂ ਸਾਹਿਬ ਜੀ ਆਪ ਉਹਨਾਂ ਨੂੰ ਸ਼ਸਤਰ ਵਿਦਿਆ ਦੀ ਸਿਖਲਾਈ ਦੇ ਰਹੇ ਸਨ। ਨਿਮਰਤਾ, ਕੋਮਲਤਾ ਤੇ ਸੁੱਚਮਤਾ ਉਹਨਾਂ ਦੇ ਸੁਭਾਅ ਦਾ ਅੰਗ ਬਣ ਰਹੀ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਕਥਾ ਕਰਦੇ ਸਮੇਂ (ਗੁਰੂ) ਹਰਿ ਰਾਇ ਜੀ ਦੀ ਅਕਸਰ ਹੀ ਉਦਾਹਰਣ ਦਿਆ ਕਰਦੇ ਸਨ ਕਿ ਜੇ ਕਿਸੇ ਨੇ ਭਗਤੀ, ਵੈਰਾਗ, ਤਪਸਿੱਆ ਅਤੇ ਸਾਧਨਾ ਸਿੱਖਣੀ ਹੋਵੇ ਤਾਂ ਉਹ ਬਾਲਕ ਹਰਿ ਰਾਇ ਜੀ ਤੋਂ ਸਿੱਖਣ। ਇਸ ਲਈ ਉਹਨਾਂ ਨੇ ਗੁਰੂ ਨਾਨਕ ਦੀ ਜੋਤ ਦਾ ਅਗਲਾ ਵਾਰਸ (ਗੁਰੂ) ਹਰਿ ਰਾਇ ਜੀ ਨੂੰ ਬਣਾਉਣ ਦਾ ਫ਼ੈਸਲਾ ਕਰ ਲਿਆ ਸੀ।

3 ਮਾਰਚ 1644 ਈਸਵੀ ਦਾ ਦਿਨ ਸੀ। ਅੰਮ੍ਰਿਤ ਵੇਲੇ ਦਾ ਦੀਵਾਨ ਸਜਿਆ ਹੋਇਆ ਸੀ। ਉਸ ਦਿਨ ਸੰਗਤ ਦੇ ਵਿਚ (ਗੁਰੂ) ਹਰਿ ਰਾਇ ਜੀ ਅਤੇ (ਗੁਰੂ) ਤੇਗ਼ ਬਹਾਦਰ ਜੀ, ਮਾਤਾ

ਨਾਨਕੀ ਜੀ, (ਮਾਤਾ) ਗੁਜਰੀ ਜੀ ਵੀ ਬੈਠੇ ਸਨ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਤੋਂ ਪਿਛੋਂ ਗੁਰੂ ਸਾਹਿਬ ਜੀ ਤਖ਼ਤ ਤੋਂ ਉਠੇ ਅਤੇ (ਗੁਰੂ) ਹਰਿ ਰਾਇ ਜੀ ਕੋਲ ਗਏ। ਉਹਨਾਂ ਨੂੰ ਬਾਂਹ ਤੋਂ ਫੜ ਕੇ ਉਠਾਇਆ, ਮੁੱਖ ਤੋਂ ਉਚਾਰਨ ਕੀਤਾ,"ਸਾਹਿਬਜ਼ਾਦੇ, ਅੱਜ ਤੋਂ ਤੁਹਾਡਾ ਅਸਥਾਨ ਤਖ਼ਤ ਤੇ ਹੈ।" ਗੁਰੂ ਹਰਿ ਰਾਇ ਜੀ ਤਖ਼ਤ ਤੇ ਬੈਠ ਗਏ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਪਰਿਕਰਮਾਂ ਕਰਕੇ ਉਹਨਾਂ ਨੂੰ ਮੱਥਾ ਟੇਕ ਦਿੱਤਾ। ਭਾਈ ਭਾਨਾ ਜੀ ਨੇ ਗੁਰਿਆਈ ਦਾ ਤਿਲਕ ਲਗਾਇਆ ਅਤੇ ਮੱਥਾ ਟੇਕਿਆ। (ਗੁਰੂ) ਸਾਹਿਬ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਬਚਨ ਕੀਤੇ,"ਮੇਰੇ ਸਮਾਨ ਗੁਰੂ ਹਰਿ ਰਾਇ ਜੀ ਨੂੰ ਜਾਣਨਾ। ਸਵਾ ਪਹਿਰ ਰਾਤ ਰਹਿੰਦੀ ਜਾਗਣਾ। ਉੱਠ ਕੇ ਇਸ਼ਨਾਨ ਕਰਕੇ 'ਜਪੁਜੀ' ਦਾ ਪਾਠ ਕਰਨਾ। 'ਜਪੁਜੀ' ਹੀ ਗੁਰਮੰਤ੍ਰ ਦਾ ਰੂਪ ਹੈ। ਗੁਰੂ ਹਰਿ ਰਾਇ ਜੀ ਨੇ ਪੁੱਛਿਆ,"ਸ਼ਾਹਜਹਾਂ ਨਾਲ ਕੈਸੀ ਨੀਤੀ ਰੱਖਣੀ ਹੈ।" (ਗੁਰੂ) ਹਰਗੋਬਿੰਦ ਸਾਹਿਬ ਜੀ ਨੇ ਫ਼ੁਰਮਾਇਆ,"ਸਿੱਖ ਦਾ ਅਤੇ ਗੁਰੂ-ਘਰ ਦਾ ਕਿਸੇ ਨਾਲ ਕੋਈ ਵੈਰ ਨਹੀਂ ਹੈ। ਜੇ ਕੋਈ ਗੁਰੂ ਘਰ ਤੇ ਚੜ੍ਹਾਈ ਕਰਕੇ ਆਵੇਗਾ, ਉਸ ਨੂੰ ਕਦੇ ਸਫ਼ਲਤਾ ਨਹੀ ਮਿਲੇਗੀ ਪਰ ਤੁਸੀਂ 2200 ਘੋੜ ਸਵਾਰ ਆਪਣੇ ਕੋਲ ਹਮੇਸ਼ਾਂ ਰੱਖਣੇ"।

ਜਦੋਂ ਸਾਰੀ ਸੰਗਤ ਚਲੀ ਗਈ ਤਾਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮਾਤਾ ਨਾਨਕੀ ਜੀ ਨੂੰ ਇਕ ਕਟਾਰ ਅਤੇ ਇਕ ਰੁਮਾਲ ਦੇ ਕੇ ਕਿਹਾ,'ਜਦੋਂ ਸਮਾਂ ਆਏਗਾ ਤਾਂ ਇਹ ਵਸਤਾਂ ਤੇਗ਼ ਬਹਾਦਰ ਨੂੰ ਦੇ ਦੇਣੀਆਂ। ਅਰ ਤੁਸੀਂ ਹੁਣ ਬਕਾਲੇ ਚਲੇ ਜਾਣਾ ਅਤੇ ਉਥੇ ਹੀ ਟਿਕਾਣਾ ਕਰਨਾ। ਸਮਾਂ ਆਉਣ ਤੇ ਤੇਗ ਬਹਾਦਰ ਵੱਡਾ ਗੁਰੂ ਬਣੇਗਾ।" ਭਾਈ ਭਾਨਾ ਜੀ ਨੂੰ ਕਿਹਾ ਕਿ ਸਾਰੀ ਸੰਗਤ ਨੂੰ ਆਦੇਸ਼ ਕਰ ਦੇਣਾ ਕਿ ਸਾਨੂੰ ਕੋਈ ਨਾ ਬੁਲਾਵੇ। (ਗੁਰੂ) ਹਰਗੋਬਿੰਦ ਸਾਹਿਬ ਜੀ ਆਪ ਇਕਾਂਤ ਵਾਸ ਵਿਚ ਚਲੇ ਗਏ। ਕੇਵਲ ਸਵੇਰ ਤੇ ਸ਼ਾਮ ਦੇ ਦੀਵਾਨ ਵਿਚ ਕੀਰਤਨ ਸਰਵਣ ਕਰਨ ਆਉਂਦੇ। 19 ਮਾਰਚ 1644 ਈਸਵੀ ਦੇ ਦੀਵਾਨ ਵਿਚ (ਗੁਰੂ) ਸਾਹਿਬ ਜੀ ਆਏ ਅਤੇ ਸਾਰਾ ਕੀਰਤਨ ਖੜੇ ਹੋ ਕੇ ਸਰਵਣ ਕੀਤਾ। ਦੀਵਾਨ ਦੀ ਸਮਾਪਤੀ ਤੋਂ ਬਾਅਦ ਗੁਰੂ ਸਾਹਿਬ ਜੀ ਬੈਠ ਗਏ, ਅੱਖਾਂ ਬੰਦ ਕੀਤੀਆਂ ਅਤੇ ਜੋਤ ਨੂੰ ਪਰਮ-ਜੋਤ ਵਿਚ ਮਿਲਾ ਲਿਆ।

************************

# ਮਹਿਮਾ ਕੀਰਤਪੁਰ ਦੀ - ਦੂਣ ਸਵਾਈ ਹੋਈ

ਗੁਰੂ ਨਾਨਕ ਸਾਹਿਬ ਜੀ ਦੀ ਸੱਤਵੀਂ ਜੋਤ - ਸ੍ਰੀ ਗੁਰੂ ਹਰਿ ਰਾਇ ਜੀ ਸਮੇਂ ਕੀਰਤਪੁਰ ਦੀ ਮਹਿਮਾਂ ਇਤਨੀ ਸੀ, ਜੋ ਗੁਰਬਾਣੀ ਦੀ ਪੰਕਤੀ 'ਮਹਿਮਾ ਕਹੀ ਨਾ ਜਾਏ' ਆਪਣੇ ਆਪ ਮੂੰਹ ਵਿਚੋਂ ਨਿਕਲ ਜਾਂਦੀ ਸੀ। ਸੰਪੂਰਨ ਉਪਮਾ ਕਰਨ ਦੀ ਤਾਂ ਕਲਮਾਂ ਕੋਲ ਤਾਕਤ ਨਹੀਂ ਹੈ, ਪਰ ਵਿਦਵਾਨ ਇਹ ਲਿਖਦੇ ਹਨ ਕਿ ਕੀਰਤਪੁਰ ਹੁਣ ਵਾਹਿਗੁਰੂ ਦੀ ਕੀਰਤੀ ਦਾ ਕੇਂਦਰ ਬਣ ਚੁੱਕਾ ਸੀ। ਸੰਗਤਾਂ ਹੁਮ-ਹਮਾ ਕੇ ਆਉਂਦੀਆਂ ਅਤੇ ਗੁਰੂ ਉਪਦੇਸ਼ ਦੀ ਵਰਖਾ ਹੁੰਦੀ ਰਹਿੰਦੀ। ਗੁਰੂ ਸਾਹਿਬ ਜੀ ਦੇ ਸੁਭਾਅ ਬਾਰੇ ਇਤਹਾਸਕਾਰ ਲਿਖਦੇ ਹਨ ਕਿ ਉਹਨਾਂ ਦਾ ਹਿਰਦਾ ਵਿਸ਼ਾਲ ਤੇ ਚਿਤ ਬਹੁਤ ਕੋਮਲ ਸੀ। ਨੇਮ ਉਹਨਾਂ ਦਾ ਆਪਣੇ ਦਾਦੇ ਗੁਰੂ ਸਾਹਿਬ ਜੀ ਦੇ ਉਹਨਾਂ ਲਈ ਕੀਤੇ ਹੁਕਮ ਨਾਲੋਂ ਵੀ ਜ਼ਿਆਦਾ ਸੀ। ਪਹਿਰ ਰਾਤ ਰਹਿੰਦੀ ਤੋਂ ਵੀ ਪਹਿਲਾਂ ਹੀ ਉੱਠ ਜਾਂਦੇ ਸਨ। ਇਸ਼ਨਾਨ ਬਹੁਤ ਖੁੱਲੇ ਜਲ ਨਾਲ ਕਰਦੇ ਸਨ। 'ਮਹਿਮਾਂ ਪ੍ਰਕਾਸ਼' ਵਿਚ 101 ਗਾਗਰਾਂ ਦੇ ਜਲ ਨਾਲ ਇਸ਼ਨਾਨ ਕਰਨ ਦਾ ਜ਼ਿਕਰ ਆਉਂਦਾ ਹੈ। ਉਸ ਤੋਂ ਬਾਅਦ ਸਮਾਧੀ ਵਿਚ ਚਲੇ ਜਾਂਦੇ ਸਨ। ਫਿਰ ਸੰਗਤ ਵਿਚ ਜਾ ਕੇ ਪਹਿਲਾਂ ਪੋਥੀ ਸਾਹਿਬ ਦਾ ਪਾਠ ਸੁਣਦੇ। ਰਬਾਬੀਆਂ ਦਾ ਕੀਰਤਨ ਸੁਣਦੇ। ਪ੍ਰਸ਼ਾਦਾ, ਲੰਗਰ ਵਿਚ ਹੀ ਛਕਦੇ। ਫਿਰ ਥੋੜਾ ਆਰਾਮ ਕਰਦੇ। ਉਸਤੋਂ ਪਿਛੋਂ ਗੁਰਸਿੱਖਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਜ਼ਰੂਰ ਜਾਂਦੇ, ਪਰ ਜਾਨਵਰਾਂ ਨੂੰ ਮਾਰਦੇ ਨਹੀਂ ਸਨ। ਜ਼ਿੰਦਾ ਫੜ ਕੇ ਲਿਆਉਂਦੇ। ਜੋ ਜਾਨਵਰ ਜਾਂ ਪੰਛੀ, ਬੀਮਾਰ ਜਾਂ ਜ਼ਖ਼ਮੀ ਹੁੰਦੇ, ਉਹਨਾਂ ਦਾ ਇਲਾਜ ਕੀਤਾ ਜਾਂਦਾ ਅਤੇ ਕੀਰਤਪੁਰ ਦੇ ਨੇੜੇ ਬਣਾਈ ਇਕ ਰੱਖ ਵਿਚ ਛੱਡ ਦਿੰਦੇ। ਉਸ ਰੱਖ ਵਿਚ ਵੀ ਗੁਰੂ ਸਾਹਿਬ 2-3 ਦਿਨਾਂ ਬਾਅਦ ਚੱਕਰ ਜ਼ਰੂਰ ਮਾਰਦੇ। ਉਹਨਾਂ ਦੇ ਆਉਣ ਤੇ ਪੰਛੀ ਅਤੇ ਜਾਨਵਰ ਚਹਿਕ ਉਠਦੇ, ਇਸ ਤਰ੍ਹਾਂ ਜਾਪਦਾ ਜਿਵੇਂ ਉਹਨਾਂ ਦੀ ਉਡੀਕ ਹੀ ਕਰ ਰਹੇ ਹੋਣ।

ਗੁਰਬਾਣੀ ਦਾ ਸਤਿਕਾਰ ਬਹੁਤ ਜ਼ਿਆਦਾ ਕਰਦੇ ਸਨ। ਇਕ ਵਾਰ ਕਾਬਲ ਦੀ ਸੰਗਤ ਸ਼ਬਦ ਗਾਇਨ ਕਰਦੀ ਆ ਰਹੀ ਸੀ, ਗੁਰੂ ਸਾਹਿਬ ਜੀ ਇਤਨੀ ਕਾਹਲੀ ਨਾਲ ਉਠ ਖੜੇ ਹੋਏ ਕਿ ਗੋਡੇ ਤੇ ਸੱਟ ਹੀ ਲਗ ਗਈ। ਸਿੱਖਾਂ ਨੇ ਪੁੱਛਿਆ ਕਿ ਗੁਰੂ ਸਾਹਿਬ ਜੀ ਇਤਨੀ ਕਾਹ਼ਲੀ ਨਾਲ ਕਿਉਂ ਉਠੇ, ਜੋ ਚੋਟ ਲੱਗ ਗਈ ਤਾਂ ਸੰਗਤ ਨਾਲ ਗੁਰੂ ਸਾਹਿਬ ਜੀ ਨੇ ਬਚਨ ਕੀਤੇ, ਜੋ ਸੂਰਜ ਪ੍ਰਕਾਸ਼ ਗ੍ਰੰਥ ਵਿਚ ਦਰਜ ਹਨ :

'ਜੋ ਸਿੱਖ ਬਾਣੀ ਭੈ ਕਰੈ॥
ਬਿਨ ਪ੍ਰਯਾਸ ਭਵ ਸਾਗਰ ਤਰੈ॥
ਜਿਨ ਭੈ ਅਦਬ ਨਾ ਬਾਨੀ ਧਾਰਾ॥
ਜਾਨਹੁ ਸੋ ਸਿੱਖ ਨਹੀਂ ਹਮਾਰਾ॥'

ਅਕਸਰ ਹੀ ਗੁਰੂ ਸਾਹਿਬ ਜੀ ਸੰਗਤ ਨਾਲ ਬਚਨ ਬਿਲਾਸ ਕਰਦੇ ਸਮੇਂ ਬਾਣੀ ਵੱਧ ਤੋਂ ਵੱਧ ਪੜ੍ਹਨ, ਕੰਠ ਕਰਨ ਅਤੇ ਸਤਿਕਾਰ ਕਰਨ ਲਈ ਪ੍ਰੇਰਿਆ ਕਰਦੇ ਸਨ। ਬਾਣੀ ਦੇ ਸਤਿਕਾਰ ਦੇ ਕਾਰਨ ਹੀ ਗੁਰੂ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਇਹ ਹੁਕਮ ਕਰ ਦਿਤਾ ਸੀ ਕਿ,"ਅੱਜ ਤੋਂ ਸਾਡੇ ਮੱਥੇ ਨਹੀਂ ਲੱਗਣਾ।" ਰਾਮ ਰਾਏ ਨੇ ਆਸਾ ਦੀ ਵਾਰ ਦੇ ਇਕ ਸਲੋਕ ਵਿਚੋਂ ਕੇਵਲ ਇਕ ਸ਼ਬਦ 'ਮੁਸਲਮਾਨ' ਦੀ ਥਾਂ ਤੇ 'ਬੇਈਮਾਨ' ਬੋਲ ਦਿੱਤਾ ਸੀ। ਰਾਮ ਰਾਏ ਨੇ ਇਹ ਕੇਵਲ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਬਦਲਿਆ ਸੀ। ਗੁਰੂ ਪੁੱਤਰ ਹੁੰਦੇ

ਹੋਏ ਵੀ ਉਹਨਾਂ ਨੂੰ ਗੁਰੂ ਘਰ ਵਿਚੋਂ ਕੱਢਣਾ ਜਿਥੇ ਬਾਣੀ ਦੇ ਸਤਿਕਾਰ ਦੀ ਹੱਦ ਸੀ ਉਥੇ ਇਹ ਆਉਣ ਵਾਲੀਆਂ ਪੀੜੀਆਂ ਲਈ ਵੀ ਇਕ ਸਬਕ ਵੀ ਸੀ।

ਕੀਰਤਪੁਰ ਸਾਹਿਬ ਵਿਚ ਗੁਰੂ ਸਾਹਿਬ ਜੀ ਨੇ ਇਕ ਬਾਗ ਲਵਾਇਆ ਜਿਸ ਵਿਚ ਐਸੀਆਂ ਜੜੀਆਂ, ਬੂਟੀਆਂ ਅਤੇ ਪੌਦੇ ਸਨ, ਜਿਹਨਾਂ ਨੂੰ ਦਵਾਈਆਂ ਬਣਾਉਣ ਲਈ ਵਰਤਿਆ ਜਾਂਦਾ ਸੀ। ਇਹਨਾਂ ਤੋਂ ਤਿਆਰ ਹੋਣ ਵਾਲੀਆਂ ਦਵਾਈਆਂ ਉਸ ਸ਼ਫ਼ਾਖਾਨੇ (Dispensary) ਵਿਚ ਵਰਤੀਆਂ ਜਾਂਦੀਆਂ ਸਨ, ਜੋ ਗੁਰੂ ਸਾਹਿਬ ਜੀ ਨੇ ਕੀਰਤਪੁਰ ਸਾਹਿਬ ਵਿਚ ਖੋਲ ਰੱਖਿਆ ਸੀ। ਹਰ ਕੋਈ ਬਿਨਾ ਵਿਤਕਰੇ ਤੋਂ ਇਥੇ ਇਲਾਜ ਕਰਵਾ ਸਕਦਾ ਸੀ। ਇਸ ਦਵਾਖਾਨੇ ਦੀ ਪ੍ਰਸਿਧੀ ਦੂਰ ਦੂਰ ਤੱਕ ਫ਼ੈਲੀ ਹੋਈ ਸੀ। ਦਿੱਲੀ ਤਖ਼ਤ ਦੇ ਹਾਕਮ ਸ਼ਾਹਜਹਾਂ ਦਾ ਪੁੱਤਰ ਦਾਰਾ ਸ਼ਿਕੋਹ ਜਦ ਬੀਮਾਰ ਹੋਇਆ ਤਾਂ ਵੈਦਾਂ ਨੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਸ਼ਫ਼ਾਖਾਨੇ ਤੋਂ ਹੀ ਦਵਾ ਰੂਪੀ ਲੌਂਗ ਤੇ ਹਰੜਾਂ ਮੰਗਾਈਆਂ ਸਨ। ਜੋ ਕੇਵਲ ਕੀਰਤਪੁਰ ਦੇ ਗੁਰੂ ਸਾਹਿਬ ਜੀ ਦੇ ਬਾਗ਼ ਵਿਚ ਹੀ ਉਗਾਈਆਂ ਹੋਈਆਂ ਸਨ। 'ਨਾ ਕੋ ਬੈਰੀ ਨਹੀਂ ਬੇਗਾਨਾ, ਸਗਲ ਸੰਗ ਹਮ ਕੋ ਬਨਿ ਆਈ' ਗੁਰਬਾਣੀ ਦੇ ਇਸ ਪਾਵਨ ਬਚਨ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਮਿਲੇ ਸ਼ਾਹਜਹਾਂ ਪ੍ਰਤੀ ਹੁਕਮਾਂ ਅਨੁਸਾਰ ਉਸ ਦੇ ਭੇਜੇ ਦੂਤਾਂ ਵੱਲੋਂ ਜੋ ਜੋ ਵਸਤਾਂ ਮੰਗੀਆਂ, ਉਹ ਉਹਨਾਂ ਨੂੰ ਦੇ ਦਿੱਤੀਆਂ ਗਈਆਂ।

ਦਾਰਾ ਸ਼ਿਕੋਹ ਦੇ ਠੀਕ ਹੋਣ ਤੇ ਜਿਥੇ ਸ਼ਾਹਜਹਾਂ ਨੇ ਉਸ ਨੂੰ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰਨ ਲਈ ਕੀਰਤਪੁਰ ਸਾਹਿਬ ਭੇਜਿਆ ਅਤੇ ਬਹੁਤ ਸਾਰੇ ਤੋਹਫ਼ੇ ਭੇਜੇ। ਉੱਥੇ ਉਸ ਨੇ ਸਿੱਖਾਂ ਪ੍ਰਤੀ ਆਪਣੀ ਨੀਤੀ ਵਿਚ ਵੀ ਥੋੜਾ ਬਦਲਾ ਲੈ ਆਂਦਾ। ਇਹੀ ਕਾਰਨ ਸੀ ਕਿ ਰਾਜਸੀ ਤਾਕਤ ਵੱਲੋਂ ਕੋਈ ਵਿਰੋਧ ਨਾ ਹੋਣ ਕਾਰਨ ਗੁਰੂ ਹਰਿ ਰਾਏ ਸਾਹਿਬ ਜੀ ਦੇ ਸਮੇਂ ਮਾਰਚ, 1644 ਈਸਵੀ ਤੋਂ ਅਕਤੂਬਰ, 1661 ਈਸਵੀ ਤੱਕ ਸ਼ਾਂਤ ਮਈ ਤਰੀਕੇ ਨਾਲ ਗੁਰੂ ਘਰ ਦਾ ਪ੍ਰਚਾਰ ਹੁੰਦਾ ਰਿਹਾ।

ਆਪਣੇ ਵੱਡੇ ਪੁੱਤਰ ਰਾਮ ਰਾਇ ਦੀ ਗਲਤੀ ਅਤੇ ਹੁਕਮ ਨਾ ਮੰਨਣ ਕਾਰਨ ਉਹਨਾਂ ਨੇ ਛੋਟੇ ਪੁੱਤਰ (ਗੁਰੂ) ਹਰਿ ਕ੍ਰਿਸ਼ਨ ਜੀ ਨੂੰ ਗੁਰਗੱਦੀ ਦਾ ਵਾਰਸ ਜਾਣ ਕੇ 5 ਅਕਤੂਬਰ 1661 ਈਸਵੀ ਨੂੰ ਗੁਰੂ ਹਰਕ੍ਰਿਸ਼ਨ ਜੀ ਦੀ ਪਰਿਕਰਮਾ ਕਰਕੇ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਉਹਨਾਂ ਨੂੰ ਬਖ਼ਸ਼ ਦਿੱਤੀ। ਅਗਲੇ ਦਿਨ ਆਪ ਪ੍ਰਮਾਤਮਾ ਦੀ ਗੋਦ ਵਿਚ ਸਮਾ ਗਏ।

************************


# 'ਜਿਸ ਡਿਠੇ ਸਭਿ ਦੁਖਿ ਜਾਇ'

ਗੁਰੂ ਹਰਕ੍ਰਿਸ਼ਨ ਸਾਹਿਬ ਦੇ ਕੇਵਲ ਦਰਸ਼ਨ ਕਰਨ ਨਾਲ ਹੀ ਦੁੱਖ ਦੂਰ ਹੋ ਜਾਂਦੇ ਹਨ। ਇਹ ਬਚਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹਨ। ਇਹਨਾਂ ਬਚਨਾਂ ਨੂੰ ਲੱਖਾਂ ਦੀ ਗਿਣਤੀ ਵਿਚ ਲੋਕੀਂ ਸੰਗਤ ਰੂਪ ਵਿਚ ਹਰ ਰੋਜ਼ ਅਰਦਾਸ ਵਿਚ ਦੁਹਰਾਉਂਦੇ ਹਨ: ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ॥ ਐਸੇ ਗੁਰੂ ਸਾਹਿਬ ਨੂੰ ਭਾਈ ਗੁਰਦਾਸ ਜੀ (ਦੂਜੇ) ਨੇ ਆਪਣੀ ਵਾਰ ਵਿਚ 'ਅਸ਼ਟਮ ਬਲ ਬੀਰਾ' ਕਿਹਾ ਹੈ ਅਤੇ ਭਾਈ ਨੰਦ ਲਾਲ ਜੀ ਨੇ 'ਸਲਤਨਤ ਹਸ਼ਤਮ' ਕਹਿ ਕੇ ਸਨਮਾਨ ਦਿੱਤਾ ਹੈ। ਸਾਰਾ ਸਿੱਖ ਜਗਤ ਉਹਨਾਂ ਨੂੰ 'ਬਾਲਾ ਪ੍ਰੀਤਮ' ਕਹਿ ਕੇ ਸਤਿਕਾਰ ਦਿੰਦਾ ਹੈ।

ਸ੍ਰੀ (ਗੁਰੂ) ਹਰਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ 7 ਜੁਲਾਈ 1656 ਈਸਵੀ ਨੂੰ ਕੀਰਤਪੁਰ ਸਾਹਿਬ ਵਿਚ ਗੁਰੂ ਹਰਿ ਰਾਇ ਸਾਹਿਬ ਜੀ ਦੇ ਘਰ ਹੋਇਆ। ਮਾਤਾ ਜੀ ਦਾ ਨਾਮ ਕਿਸ਼ਨ ਕੌਰ ਜੀ ਸੀ। ਇਹਨਾਂ ਦਾ ਨਾਮ ਰੱਖਣ ਸਮੇਂ ਗੁਰੂ ਸਾਹਿਬ ਜੀ ਨੇ 'ਹਰਿ' ਆਪਣੇ ਨਾਮ ਨੂੰ ਅਤੇ 'ਕ੍ਰਿਸ਼ਨ' ਆਪਣੇ ਮਹਿਲ ਦੇ ਨਾਮ ਨੂੰ ਮਿਲਾ ਕੇ ਰੱਖਿਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 5 ਸਾਲ 4 ਮਹੀਨੇ ਦੇ ਸਨ, ਜਦੋਂ ਉਹਨਾਂ ਨੂੰ ਗੁਰੂ ਨਾਨਕ ਸਾਹਿਬ ਦੀ ਜੋਤ ਉਹਨਾਂ ਦੇ ਪਿਤਾ ਗੁਰੂ ਜੀ ਨੇ ਬਖਸ਼ੀ। ਉਹਨਾਂ ਦੀ ਸਰੀਰਕ ਉਮਰ ਕੇਵਲ 7 ਸਾਲ 8 ਮਹੀਨੇ ਸੀ। ਗੁਰੂ ਗੱਦੀ ਉਪਰ ਉਹ 2 ਸਾਲ 4 ਮਹੀਨੇ ਬਿਰਾਜਮਾਨ ਰਹੇ। ਬਾਲ ਅਵਸਥਾ ਦੇ ਇਸ ਥੋੜੇ ਜਿਹੇ ਸਮੇਂ ਵਿਚ ਉਹਨਾਂ ਬਹੁਤ ਮਹਾਨ ਕਾਰਜ ਕੀਤੇ। ਕੀਰਤਪੁਰ ਸਾਹਿਬ ਵਿਚ ਕੋਹੜੀ ਦਾ ਕੋਹੜ ਦੂਰ ਕਰਨਾ, ਪੰਜੋਖਰਾ ਸਾਹਿਬ ਵਿਚ ਲਾਲ ਚੰਦ ਬ੍ਰਾਹਮਣ ਦਾ, ਛੱਜੂ ਨਾਮ ਦੇ ਝਿਊਰ, ਜੋ ਕਿ ਚੰਗੀ ਤਰ੍ਹਾਂ ਬੋਲ ਵੀ ਨਹੀਂ ਸੀ ਸਕਦਾ, ਤੋਂ ਗੀਤਾ ਦੇ ਅਰਥ ਕਰਵਾ ਕੇ ਹੰਕਾਰ ਤੋੜਨਾ, ਦਿੱਲੀ ਵਿਚ ਰਾਜੇ ਜੈ ਸਿੰਘ ਦੀ ਰਾਣੀ ਦੀ ਪਛਾਣ ਕਰਨਾ, ਇਹ ਸਾਖੀਆਂ ਤਾਂ ਬਹੁਤ ਪ੍ਰਚਲਤ ਹਨ ਅਤੇ ਹਰ ਇਕ ਨੇ ਪੜ੍ਹ-ਸੁਣ ਰੱਖੀਆਂ ਹਨ। ਇਥੇ ਕੁਝ ਅਜਿਹੀਆਂ ਸਾਖੀਆਂ ਦਾ ਜ਼ਿਕਰ ਕਰ ਰਹੇ ਹਾਂ, ਜਿਹਨਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਜੋਤ ਬਾਕੀ ਸਾਰੇ ਗੁਰੂ ਸਾਹਿਬਾਨ ਵਾਂਗ ਬਾਲ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਵਿਚ ਵੀ ਬਿਰਾਜਮਾਨ ਸੀ ਕਿਉਂਕਿ ਉਹ ਸੰਗਤਾਂ ਨਾਲ ਬਚਨ ਕਰਦੇ ਸਮੇਂ ਗੁਰਮਤਿ ਸਿਧਾਂਤ ਅਤੇ ਗੁਰਬਾਣੀ ਵਿਚਾਰ ਬਿਲਕੁਲ ਵੱਡੇ ਗੁਰੂ ਸਾਹਿਬਾਨ ਦੀ ਤਰ੍ਹਾਂ ਕਰਿਆ ਕਰਦੇ ਸਨ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਨੂੰ ਅੱਗੇ ਵਧਾਉਣ ਵਿਚ ਆਪਣਾ ਯੋਗਦਾਨ ਪਾ ਰਹੇ ਸਨ।

ਇਕ ਵਾਰ ਕੀਰਤਪੁਰ ਸਾਹਿਬ ਵਿਚ ਪੇਸ਼ਾਵਰ ਦੇ ਇਲਾਕੇ ਦੀ ਸੰਗਤ ਦੇ ਨਾਲ ਇਕ ਜੇਬ-ਕਤਰਾ, ਜੋ ਚੋਰੀ ਕਰਨ ਦੇ ਇਰਾਦੇ ਨਾਲ ਆਇਆ ਸੀ। ਆਪਣੀ ਵਾਰੀ ਸਿਰ ਜਦੋਂ ਉਹ ਗੁਰੂ ਸਾਹਿਬ ਜੀ ਨੂੰ ਮੱਥਾ ਟੇਕਣ ਲੱਗਿਆ, ਤਾਂ ਗੁਰੂ ਸਾਹਿਬ ਜੀ ਦੀ ਇਕ ਮੇਹਰ ਦੀ ਦ੍ਰਿਸ਼ਟੀ ਮਾਤਰ ਨੇ ਉਸ ਦੇ ਅੰਦਰ ਕੋਈ ਹਲਚਲ ਮਚਾ



ਦਿੱਤੀ ਸੀ, ਪਰ ਜਦੋਂ ਗੁਰੂ ਸਾਹਿਬ ਜੀ ਨੇ ਗੁਰਬਾਣੀ ਦੀਆਂ ਪੰਕਤੀਆਂ ਸੁਣਾਈਆਂ:

ਚੋਰ ਸਲਾਹੇ ਚੀਤੁ ਨ ਭੀਜੈ॥ ਜੇ ਬਦੀ ਕਰੇ ਤਾ ਤਸੂ ਨ ਛੀਜੈ॥
ਚੋਰ ਕੀ ਹਾਮਾ ਭਰੇ ਨ ਕੋਇ॥ਚੋਰੁ ਕੀਆ ਚੰਗਾ ਕਿਉ ਹੋਇ॥ (ਪਾਵਨ ਅੰਗ 662)

ਤਾਂ ਉਸ ਚੋਰ ਨੇ ਖੜੇ ਹੋ ਕੇ ਉੱਚੀ ਅਵਾਜ਼ ਵਿਚ ਬੋਲਿਆ,'ਸੰਗਤ ਜੀ, ਮੈਂ ਪਿਸ਼ਾਵਰ ਦੇ ਇਲਾਕੇ ਚੋਰ ਹਾਂ।ਜੇਬ ਕੱਟਣਾਂ ਮੇਰਾ ਧੰਧਾ ਹੈ।ਹੁਣ ਗੁਰੂ ਸਾਹਿਬ ਜੀ ਨੇ ਦਿਆ ਕਰਕੇ ਮੈਨੂੰ ਸਿਧੇ ਰਸਤੇ ਪਾਇਆ ਹੈ। ਮੈਂ ਗੁਰੂ ਸਾਹਿਬ ਜੀ ਅਤੇ ਸਾਰੀ ਸੰਗਤ ਤੋਂ ਮੁਆਫ਼ੀ ਮੰਗਦਾ ਹਾਂ ਜੀ।'

ਰੋਪੜ ਦਾ ਇਕ ਸ਼ਾਹੂਕਾਰ ਵਪਾਰੀ ਗੁਰੂ ਸਾਹਿਬ ਜੀ ਕੋਲ ਬਹੁਤ ਸਾਰੀਆਂ ਭੇਟਾਵਾਂ ਲੈ ਕੇ ਹਾਜ਼ਰ ਹੋਇਆ। ਗੁਰੂ ਸਾਹਿਬ ਜੀ ਨੇ ਉਸ ਨੂੰ ਸੰਗਤ ਵਿਚ ਆਉਣ ਤੋਂ ਹੀ ਮਨਾ ਕਰ ਦਿੱਤਾ, ਕਿਉਂਕਿ ਉਹ ਜੰਮਦੀਆਂ ਕੁੜੀਆਂ ਨੂੰ ਹੀ ਮਾਰ ਦਿੰਦਾ ਸੀ। ਬਾਹਰ ਖੜੇ ਸੇਵਾਦਾਰ ਨੂੰ ਕਿਹਾ ਕਿ ਮੈਂਨੂੰ ਇਕ ਵਾਰ ਗੁਰੂ ਸਾਹਿਬ ਜੀ ਨਾਲ ਮਿਲਾ ਦਿਓ, ਜਿਵੇਂ ਗੁਰੂ ਸਾਹਿਬ ਜੀ ਹੁਕਮ ਕਰਨਗੇ, ਮੈਂ ਉਸ ਹੁਕਮ ਨੂੰ ਮੰਨਾਗਾ। ਉਸ ਵੱਲੋਂ ਤੌਬਾ ਕਰਨ ਤੇ ਹੀ ਗੁਰੂ ਜੀ ਨੇ ਉਸ ਨੂੰ ਦਰਸ਼ਨ ਦਿੱਤੇ। ਉਸ ਦਿਨ ਗੁਰੂ ਸਾਹਿਬ ਜੀ ਨੇ ਸਾਰੀ ਸੰਗਤ ਨੂੰ ਹੁਕਮ ਕੀਤਾ ਕਿ ਕੁੜੀ-ਮਾਰ ਨਾਲ ਕਿਸੇ ਵੀ ਸਿੱਖ ਨੇ ਨਹੀਂ ਵਰਤਣਾ। ਗੁਰੂ ਗੋਬਿੰਦ ਸਿੰਘ ਜੀ ਨੇ ਬਾਅਦ ਵਿਚ ਇਸ ਨੂੰ ਸਿੱਖਾਂ ਲਈ ਰਹਿਤਨਾਮੇ ਦਾ ਅੰਗ ਹੀ ਬਣਾ ਦਿੱਤਾ। ਇਸੇ ਤਰ੍ਹਾਂ ਤੰਬਾਕੂ ਦਾ ਸੇਵਨ ਨਾ ਕਰਨ ਦਾ ਹੁਕਮ ਵੀ ਬਾਲਾ-ਪ੍ਰੀਤਮ ਜੀ ਨੇ ਕੀਤਾ। ਕੇਸਾਂ ਦੀ ਮਹਾਨਤਾ ਦੱਸਦੇ ਹੋਏ ਅਕਸਰ ਹੀ ਸੰਗਤ ਵਿਚ ਬਚਨ ਸੁਣਾਇਆ ਕਰਦੇ ਸਨ ਕਿ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਮਰਦਾਨਾ ਜੀ ਨੂੰ ਤਿੰਨ ਉਪਦੇਸ਼ ਕੀਤੇ ਸਨ, ਜਿਹਨਾਂ ਵਿਚ ਪਹਿਲਾ ਕੇਸ ਨਾ ਕਟਾਉਣ ਦਾ ਹੀ ਸੀ। ਇਕ ਦਿਨ ਭਾਈ ਨਈਆ ਸੰਗਤ ਵਿਚ ਆਇਆ। ਉਸਨੇ ਬੇਨਤੀ ਕੀਤੀ ਸੀ ਕਿ ਮਨ ਦੀ ਇਕਾਗਰਤਾ ਭੰਗ ਹੁੰਦੀ ਹੈ। ਮਨ ਵਿਚ ਡਰਾਉਣੇ ਵਿਚਾਰ ਬਣਦੇ ਰਹਿੰਦੇ ਹਨ। ਗੁਰੂ ਸਾਹਿਬ ਜੀ ਨੇ ਉਸ ਨੂੰ ਹੁਕਮ ਕੀਤਾ,"ਕੇਸਾਧਾਰੀ ਹੋ ਕੇ ਸਿਮਰਨ ਕਰੋ, ਦੁਖ ਰੋਗ ਦਾ ਡੇਰਾ ਭੱਜ ਜਾਏਗਾ"। ਇਸ ਨਈਆ ਨਾਮ ਦੇ ਸਿੱਖ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰ ਧਾਰੀ ਬਣਾਇਆ ਤੇ 'ਨਈਆ ਯੋਧਾ' ਦਾ ਖਿਤਾਬ ਦਿੱਤਾ।

ਗੁਰੂ ਜੀ ਦੀ ਸੋਭਾ ਸੁਣ ਕੇ ਇਕ ਬ੍ਰਾਹਮਣ ਕਾਸ਼ੀ ਤੋਂ ਆਇਆ ਸੀ। ਉਸਦਾ ਨਾਮ ਬਸੰਤਰ ਸੀ। ਉਸ ਨੂੰ ਕੋਹੜ ਫ਼ੁੱਟ ਰਿਹਾ ਸੀ। ਜਿਓਂ ਹੀ ਗੁਰੂ ਸਾਹਿਬ ਜੀ ਕੋਲ ਬਿਮਾਰੀ ਦੂਰ ਕਰਨ ਦੀ ਬੇਨਤੀ ਕੀਤੀ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਪੰਡਤ ਜੀ, ਇਹ ਸਰੀਰ ਦਾ ਕੋਹੜ ਤਾਂ ਵੱਡੇ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਦੂਰ ਹੋ ਹੀ ਜਾਏਗਾ, ਪਰ ਤੁਸੀਂ ਉਸ ਕੋਹੜ ਨੂੰ ਦੂਰ ਕਰਨ ਦਾ ਯਤਨ ਕਰੋ ਜਿਹੜਾ ਕੋਹੜ ਤੁਸੀਂ ਅਤੇ ਤੁਹਾਡੇ ਸਾਥੀਆਂ ਨੇ ਜਾਤ-ਪਾਤ ਤੇ ਊਚ-ਨੀਚ ਦਾ ਸੰਸਾਰ ਵਿਚ ਫ਼ੈਲਾ ਰੱਖਿਆ ਹੈ।

ਗੁਰੂ ਸਾਹਿਬ ਜੀ ਦੀ ਕੀਰਤੀ ਪੂਰੇ ਦੇਸ਼ ਵਿਚ ਫੈਲ ਚੁੱਕੀ ਸੀ। ਜੋ ਵੀ ਦਰ ਤੇ ਆਉਂਦਾ ਸੀ- 'ਇੱਛਾਪੂਰਕ ਸਰਬ ਸੁੱਖ ਦਾਤਾ ਹਰਿ' ਜੀ ਸੱਭ ਦੀਆਂ ਮੁਰਾਦਾਂ ਪੂਰੀਆਂ ਕਰਦੇ ਸਨ। ਕੋਈ ਦਲਿੱਦਰ ਦੂਰ ਕਰਨ ਦੀ ਬੇਨਤੀ ਕਰਦਾ। ਕੋਈ ਪੁੱਤਰ ਮੰਗਦਾ। ਕੋਈ ਮੰਗੇ ਵੈਰੀ ਤੋਂ ਛੁਟਕਾਰਾ। ਕੋਈ ਰੋਗਾਂ ਕਸ਼ਟਾਂ ਦਾ ਨਿਵਾਰਨ ਕਰਾਉਣ ਆਉਂਦਾ। ਵਿਰਲੇ ਜਨ ਐਸੇ ਆਉਂਦੇ, ਜੋ ਚਰਨ ਕਮਲਾਂ ਦੀ ਪ੍ਰੀਤ ਮੰਗਦੇ- ਸਿਮਰਨ ਦਾ ਦਾਨ ਮੰਗਦੇ। ਗੁਰੂ ਸਾਹਿਬ ਜੀ ਐਸੇ ਜਨਾਂ ਤੇ ਮਿਹਰ ਕਰਕੇ ਸਿਮਰਨ ਦੀ ਦਾਤ ਬਖਸ਼ਦੇ। ਉਹਨਾਂ ਤੋਂ ਸਿਮਰਨ ਨੂੰ ਅੱਗੇ ਵੰਡਣ ਦਾ ਪ੍ਰਣ ਵੀ ਲੈਂਦੇ ਅਤੇ ਆਪਣੇ ਹੱਥਾਂ ਨਾਲ ਸਿਰੋਪਾਓ ਵੀ ਪਹਿਨਾਉਂਦੇ।

ਰਾਮ ਰਾਇ ਕੀਰਤਪੁਰ ਵਿਚ ਗੁਰੂ ਹਰਕ੍ਰਿਸ਼ਨ ਸਾਹਿਬ ਦੀ ਸੋਭਾ ਵਧਦੀ ਦੇਖ ਕੇ ਬਹੁਤ

ਈਰਖਾ ਕਰਦਾ। ਉਸਨੇ ਦੂਰ ਦੁਰਾਡੇ ਦੀਆਂ ਸੰਗਤਾਂ ਨੂੰ ਆਪਣੇ ਵੱਲ ਖਿੱਚਣ ਲਈ ਆਪਣੇ ਬੰਦੇ ਉਹਨਾਂ ਇਲਾਕਿਆਂ ਵਿਚ ਭੇਜੇ। ਪਰ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਹਿਲਾਂ ਹੀ ਭੇਜੇ ਹੋਏ ਹੁਕਮਨਾਮੇ ਕਾਰਨ ਉਹਨਾਂ ਨੂੰ ਕਿਸੇ ਵੀ ਸੰਗਤ ਨੇ ਮੂੰਹ ਨਾ ਲਾਇਆ। ਹਾਰ ਕੇ ਉਸਨੇ ਔਰੰਗਜ਼ੇਬ ਕੋਲ ਸ਼ਿਕਾਇਤ ਕਰ ਦਿੱਤੀ ਕਿ ਗੁਰੂ ਹਰਕ੍ਰਿਸ਼ਨ ਨੂੰ ਦਿੱਲੀ ਬੁਲਾ ਲਓ, ਉਹਨਾਂ ਕੋਲ ਵੀ ਬਹੁਤ ਕਰਮਾਤਾਂ ਹਨ। ਰਾਮ ਰਾਇ ਔਰੰਗਜ਼ੇਬ ਦੀ ਕਰਾਮਾਤਾਂ ਵੇਖਣ ਦੀ ਕਮਜ਼ੋਰੀ ਨੂੰ ਜਾਣਦਾ ਸੀ। ਅਸਲ ਵਿਚ ਰਾਮ ਰਾਇ ਇਹੀ ਚਾਹੁੰਦਾ ਸੀ ਕਿ ਗੁਰੂ ਹਰਿਕ੍ਰਿਸ਼ਨ ਜੀ ਔਰੰਗਜ਼ੇਬ ਦੇ ਸ਼ਾਹੀ ਜਾਹੋ-ਜਲਾਲ ਦੇ ਪ੍ਰਭਾਵ ਹੇਠ ਆ ਕੇ ਕਰਮਾਤਾਂ ਦਿਖਾਉਣ, ਅਤੇ ਉਹ ਸੰਗਤ ਵਿਚ ਇਹ ਕਹਿ ਸਕੇ ਕਿ ਹੁਣ ਤਾਂ ਗੁਰੂ ਜੀ ਵੀ ਕਰਾਮਾਤਾਂ ਦਿਖਾਂਉਂਦੇ ਹਨ।

ਰਾਮ ਰਾਇ ਦੇ ਬਾਰ ਬਾਰ ਜ਼ੋਰ ਪਾਉਂਣ ਅਤੇ ਇਹ ਕਹਿਣ ਤੇ ਕਿ ਕਈ ਮੁਸਲਮਾਨ ਫ਼ਕੀਰ ਵੀ ਗੁਰੂ ਸਾਹਿਬ ਦੀ ਸ਼ਰਨ ਵਿਚ ਆਉਂਦੇ ਹਨ ਤਾਂ ਔਰੰਗੇ ਨੇ ਰਾਜਾ ਜੈ ਸਿੰਘ ਕੋਲ ਆਪਣੇ ਦੀਵਾਨ ਪਰਸ ਰਾਮ ਨੂੰ ਭੇਜਿਆ ਅਤੇ ਗੁਰੂ ਸਾਹਿਬ ਜੀ ਲਈ ਆਪਣੇ ਹੱਥ ਨਾਲ ਚਿੱਠੀ ਲਿਖ ਕੇ ਦਿੱਤੀ ਕਿ ਮੈਂਨੂੰ ਦਿੱਲੀ ਆ ਕੇ ਦਰਸ਼ਨ ਦਿਓ। ਮੇਰਾ ਆਪ ਨਾਲ ਕੁਝ ਬਚਨ ਕਰਨ ਨੂੰ ਦਿਲ ਕਰਦਾ ਹੈ। ਰਾਜਾ ਜੈ ਸਿੰਘ ਨੇ ਦੀਵਾਨ ਨੂੰ ਇਹ ਸਮਝਾਇਆ ਕਿ ਗੁਰੂ ਸਾਹਿਬ ਜੀ ਨੂੰ ਬਹੁਤ ਸਤਿਕਾਰ ਨਾਲ ਮਿਲਣਾ ਤੇ ਇਹ ਵੀ ਆਖ ਦੇਣਾ ਕਿ ਜੇ ਆਪ ਜੀ ਦਾ ਚਿਤ ਰਾਜੇ ਨੂੰ ਮਿਲਣ ਦਾ ਹੋਏਗਾ ਤਾਂ ਹੀ ਉਸ ਨੂੰ ਮਿਲਣਾ। ਦੀਵਾਨ ਪਰਸ ਰਾਮ ਕੀਰਤਪੁਰ ਆਇਆ। ਉਸਨੇ ਸਿੱਖਾਂ ਨੂੰ ਮਿਲ ਕੇ ਆਪਣੀ ਮਨਸਾ ਦੱਸੀ। ਉਹਨਾਂ ਨੇ ਗੁਰੂ ਸਾਹਿਬ ਜੀ ਤੱਕ ਔਰੰਗਜ਼ੇਬ ਅਤੇ ਰਾਜੇ ਜੈ ਸਿੰਘ ਦਾ ਸੁਨੇਹਾ ਦਿੱਤਾ। ਗੁਰੂ ਜੀ ਨੇ ਭਾਈ ਦਰਗਾਹੀ ਮੱਲ ਜੀ, ਭਾਈ ਮਨੀ (ਸਿੰਘ) ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਨੂੰ ਬੁਲਾ ਕੇ ਉਹਨਾਂ ਦੀ ਸਲਾਹ ਪੁੱਛੀ। ਸੱਭ ਦਾ ਇਹ ਵਿਚਾਰ ਸੀ ਕਿ ਔਰੰਗਜ਼ੇਬ ਜੇ ਸਿੱਖਾਂ ਨਾਲ ਵੈਰ ਨਹੀਂ ਰੱਖ ਰਿਹਾ ਤਾਂ ਦਿੱਲੀ ਜਾਣ ਵਿਚ ਕੋਈ ਹਰਜ ਨਹੀਂ।

ਅਗਲੇ ਦਿਨ ਦੀਵਾਨ ਵਿਚ ਪਰਸ ਰਾਮ ਹਾਜ਼ਰ ਹੋਇਆ। ਉਸਨੇ ਔਰੰਗਜ਼ੇਬ ਦੀ ਚਿੱਠੀ ਪੜ੍ਹ ਕੇ ਸੁਣਾਈ ਅਤੇ ਰਾਜਾ ਜੈ ਸਿੰਘ ਵੱਲੋਂ ਕੀਤੀ ਬੇਨਤੀ ਬਾਰੇ ਵੀ ਦੱਸਿਆ। ਗੁਰੂ ਸਾਹਿਬ ਜੀ ਨੇ ਕਿਹਾ,"ਅਸੀਂ ਦਿੱਲੀ ਆਵਾਂਗੇ ਪਰ ਨਾ ਤਾਂ ਔਰੰਗਜ਼ੇਬ ਨੂੰ ਮਿਲਣ ਜਾਵਾਂਗੇ ਅਤੇ ਨਾ ਹੀ ਉਸ ਨੂੰ ਦਰਸ਼ਨ ਦਿਆਂਗੇ। ਪਰਸ ਰਾਮ ਵਾਪਸ ਮੁੜ ਗਿਆ ਅਤੇ ਸਿੱਖਾਂ ਨੇ ਦਿੱਲੀ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਜਿਉਂ ਜਿਉਂ ਸੰਗਤਾਂ ਨੂੰ ਪਤਾ ਲਗਦਾ ਗਿਆ, ਹਰ ਰੋਜ਼ ਹੀ ਦੂਰੋਂ ਦੂਰੋਂ ਸੰਗਤ ਕੀਰਤਪੁਰ ਪੁੱਜਣ ਲੱਗੀ। ਗੁਰੂ ਸਾਹਿਬ ਜੀ ਨੇ ਸੰਗਤ ਨੂੰ ਨਾਲ ਹੀ ਚੱਲਣ ਲਈ ਕਹਿ ਦਿੱਤਾ। ਜਿਸ ਦਿਨ ਚੱਲਣ ਲੱਗੇ ਤਾਂ ਸੱਭ ਤੋਂ ਪਹਿਲਾਂ ਨਗਾਰਾ ਫਿਰ 2100 ਘੋੜ ਸਵਾਰ, ਉਸ ਤੋਂ ਪਿਛੇ ਗੁਰੂ ਸਾਹਿਬ ਜੀ ਦਾ ਘੋੜਾ, ਉਸ ਤੋਂ ਪਿਛੇ ਮਾਤਾ ਜੀ ਦੀ ਪਾਲਕੀ ਤੇ ਫਿਰ ਸਿੱਖ ਸੰਗਤ ਕੀਰਤਨ ਕਰਦੀ ਜਾ ਰਹੀ ਸੀ। ਸੱਭ ਤੋਂ ਪਿਛੇ 100 ਘੋੜ ਸਵਾਰ ਹੋਰ ਸਨ। ਇਹ ਨਜ਼ਾਰਾ ਇਸ ਤਰ੍ਹਾਂ ਸੀ ਜਿਵੇਂ ਕੋਈ ਸ਼ਾਹੀ ਰਾਜ ਕੁਮਾਰ ਦੀ ਸਵਾਰੀ ਜਾ ਰਹੀ ਹੋਵੇ।

ਕੀਰਤਪੁਰ ਤੋਂ ਚੱਲ ਕੇ ਪਹਿਲਾ ਪੜਾਅ ਰੋਪੜ ਕੀਤਾ। ਇਥੇ ਕਾਬਲ-ਕੰਧਾਰ ਦੀ ਸੰਗਤ ਨਾਲ ਆ ਮਿਲੀ। ਇਥੋਂ ਫਿਰ ਸਾਰਾ ਜੱਥਾ ਕੁਰਾਲੀ,ਖਰੜ ਅਤੇ ਬਨੂੜ ਪੜਾਅ ਕਰਦਾ ਹੋਇਆ ਪੰਜੋਖਰਾ ਪੁੱਜਿਆ। ਇਥੇ ਪੰਡਿਤ ਲਾਲ ਚੰਦ ਦਾ ਹੰਕਾਰ ਤੋੜਿਆ ਅਤੇ ਉਸ ਨੂੰ ਆਪਣਾ ਸਿੱਖ ਬਣਾ ਲਿਆ। ਉਹ ਵੀ ਦਿੱਲੀ ਨਾਲ ਹੀ ਹੋ ਤੁਰਿਆ। ਇਹ ਪੰਡਿਤ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਖੰਡੇ ਦੀ ਪਾਹੁਲ ਛੱਕ ਕੇ ਸਿੰਘ ਸਜਿਆ, ਗੁਰੂ ਦਰਬਾਰ ਦੀ ਸੇਵਾ

ਕਰਦਾ ਰਿਹਾ ਅਤੇ ਚਮਕੌਰ ਦੀ ਜੰਗ ਵਿਚ ਸ਼ਹੀਦੀ ਪ੍ਰਾਪਤ ਕੀਤੀ। ਜਿਸ ਭਾਈ ਛੱਜੂ ਤੋਂ ਗੀਤਾ ਦੇ ਅਰਥ ਕਰਵਾਏ ਸਨ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੰਜ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਜੀ ਉਹਨਾ ਦੀ ਵੰਸ਼ ਵਿਚੋਂ ਹੀ ਸਨ।

ਗੁਰੂ ਸਾਹਿਬ ਜੀ ਨੇ ਇਥੋਂ ਹੀ ਸਾਰੀ ਸੰਗਤ ਨੂੰ ਵਾਪਸ ਜਾਣ ਦਾ ਹੁਕਮ ਕੀਤਾ। ਆਪਣੇ ਨਾਲ ਨਗਾਰਚੀ, 2200 ਘੋੜ ਸਵਾਰ, ਕੁਝ ਗੁਰਮੁੱਖ ਪਿਆਰੇ ਸਿੱਖ ਅਤੇ ਮਾਤਾ ਜੀ ਨੂੰ ਨਾਲ ਜਾਣ ਦੀ ਆਗਿਆ ਦਿੱਤੀ। ਇਥੋਂ ਗੁਰੂ ਸਾਹਿਬ ਲਖਨੌਰ, ਨਿਸੰਬਲੀ, ਸ਼ਾਹਬਾਦ, ਰਤਨ ਜੱਖ ਤੋਂ ਪਿਪਲੀ ਤੇ ਫਿਰ ਕੁਰਕਸ਼ੇਤਰ ਪਹੁੰਚੇ। ਉਥੋਂ ਬੜਬਲ, ਸਿਆਮਣ, ਕਰਨਾਲ, ਪਾਨੀਪਤ ਸੋਨੀਪਤ ਰਾਹੀਂ ਹੁੰਦੇ ਹੋਏ ਦਿੱਲੀ ਵੱਲ ਵਧ ਰਹੇ ਸਨ। ਇਥੋਂ ਲੋਕਲ ਸੰਗਤ ਵੀ ਬਹੁਤ ਵੱਡੀ ਗਿਣਤੀ ਵਿਚ ਨਾਲ ਚੱਲ ਪਈ ਸੀ। ਰਾਜਾ ਜੈ ਸਿੰਘ 2 ਮੀਲ ਅੱਗੋਂ ਹੋ ਕੇ ਲੈਣ ਆਇਆ। ਰਾਜਾ ਜੈ ਸਿੰਘ ਨੇ ਬੜੇ ਸ਼ਰਧਾ ਨਾਲ ਸਵਾਗਤ ਕੀਤਾ। ਗੁਰੂ ਸਾਹਿਬ ਜੀ ਨੇ ਵੀ ਸੱਭ ਦਾ ਹਾਲ ਚਾਲ ਪੁੱਛਿਆ। ਗੁਰੂ ਸਾਹਿਬ ਜੀ ਨੂੰ ਉਸਨੇਆਪਣੇ ਬੰਗਲੇ ਵਿਚ ਠਹਿਰਾਇਆ। ਇਥੇ ਹੀ ਹੁਣ ਗੁਰਦੁਆਰਾ ਬੰਗਲਾ ਸਾਹਿਬ ਹੈ। ਗੁਰੂ ਸਾਹਿਬ ਜੀ ਨੇ ਰਾਜੇ ਜੈ ਸਿੰਘ ਨੂੰ ਇਹ ਸਪਸ਼ਟ ਕਰ ਦਿੱਤਾ ਕਿ ਸ਼ਾਹ ਨੂੰ ਮਿਲਣ ਜਾਣ ਜਾਂ ਉਸ ਨੂੰ ਬੰਗਲੇ ਵਿਚ ਲੈ ਆਉਣ ਦੀ ਗੱਲ ਨਾ ਕਰਨਾ। ਅਸੀਂ ਤਾਂ ਕੇਵਲ ਦਿੱਲੀ ਦੀ ਸੰਗਤ ਦੇ ਪਿਆਰ ਕਰਕੇ ਅਤੇ ਉਹਨਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਹੀ ਆਏ ਹਾਂ।



ਕੁਝ ਦਿਨਾਂ ਬਾਅਦ ਰਾਜਾ ਜੈ ਸਿੰਘ ਜਦੋਂ ਗੁਰੂ ਜੀ ਦੇ ਦਰਸ਼ਨ ਕਰਨ ਉਪਰੰਤ ਉੱਠਣ ਲੱਗਿਆ ਤਾਂ ਬਹੁਤ ਹੀ ਚੁਤਰਾਈ ਨਾਲ ਬੋਲਿਆ ਕਿ ਉਹ ਬਾਦਸ਼ਾਹ ਕੋਲ ਜਾ ਰਿਹਾ ਹੈ। ਗੁਰੂ ਜੀ ਨੇ ਉਸ ਨੂੰ ਯਾਦ ਕਰਾਇਆ, ਅਸੀਂ ਆਪਣੇ ਪਿਤਾ ਗੁਰੂ ਜੀ ਦੇ ਕਹੇ ਹੋਏ ਬਚਨਾਂ ਤੇ ਦ੍ਰਿੜ ਹਾਂ। ਉਹਨਾਂ ਨੇ ਕਿਹਾ ਸੀ,'ਨਹਿ ਮਲੇਛ ਕੋ ਦਰਸ਼ਨ ਦੇ ਹੈਂ'। ਥੋੜਾ ਘਬਰਾਏ ਹੋਏ ਜੈ ਸਿੰਘ ਨੇ ਔਰੰਗਜ਼ੇਬ ਨੂੰ ਸਾਰੀ ਗੱਲ ਦੱਸੀ। ਇਹ ਕੁਦਰਤੀ ਹੈ ਕਿ ਜਦੋਂ ਕੋਈ ਨਾ ਮਿਲਣਾ ਚਾਹੇ, ਤਾਂ ਉਸ ਨੂੰ ਮਿਲਣ ਇੱਛਾ ਹੋਰ ਵੱਧ ਜਾਂਦੀ ਹੈ। ਔਰੰਗਜ਼ੇਬ ਨਾਲ ਵੀ ਇਹੀ ਵਾਪਰ ਰਿਹਾ ਸੀ। ਉਸ ਨੇ ਚਾਲ ਖੇਡਦੇ ਹੋਏ ਇਕ ਦੂਤ ਦੇ ਹੱਥ ਕੁਝ ਤੋਹਫ਼ੇ, ਜਿਹਨਾਂ ਵਿਚ ਬਸਤਰ, ਗਹਿਣੇ, ਖਿਡੌਣੇ, ਕੁਝ ਰਤਨ ਅਤੇ ਇਕ ਤਸਬੀ (ਮਾਲਾ) ਭੇਜੀ। ਗੁਰੂ ਸਾਹਿਬ ਜੀ ਨੇ ਕੇਵਲ ਤਸਬੀ ਰੱਖ ਕੇ ਬਾਕੀ ਵਸਤਾਂ ਵਾਪਸ ਭੇਜ ਦਿੱਤੀਆਂ।

ਕਈ ਵਿਦਵਾਨਾਂ ਨੇ ਇਹ ਮੰਨਿਆਂ ਹੈ ਕਿ ਔਰੰਗਜ਼ੇਬ ਦੇ ਕਹਿਣ ਤੇ ਹੀ ਰਾਜਾ ਜੈ ਸਿੰਘ ਨੇ ਆਪਣੀ ਰਾਣੀ ਨੂੰ ਭੇਸ ਬਦਲ ਕੇ ਗੋਲੀਆਂ ਵਿਚ ਬੈਠਣ ਨੂੰ ਕਿਹਾ ਸੀ ਕਿਉਂਕਿ ਉਹ ਚਾਹੁੰਦਾ ਸੀ ਕਿ ਜੇ ਰਾਣੀ ਨੂੰ ਨਾ ਪਹਿਚਾਣਿਆ ਤਾਂ ਉਹ ਵੀ ਭੇਸ ਬਦਲ ਕੇ ਬੰਗਲੇ ਵਿਚ ਚਲਾ ਜਾਵੇਗਾ ਨਾਲੇ ਗੁਰੂ ਦੀ ਪਰਖ ਹੋ ਜਾਵੇਗੀ, ਪਰ ਗੁਰੂ ਸਾਹਿਬ ਨੇ ਸਿੱਧਾ ਰਾਣੀ ਦੇ ਸਿਰ ਤੇ ਜਾ ਕੇ ਛੜੀ ਰੱਖ ਕੇ ਕਿਹਾ ਸੀ ਕਿ ਰਾਣੀ ਹੋ ਕੇ ਤੁਹਾਨੂੰ ਐਸਾ ਕਪਟ ਕਰਨ ਦੀ ਕੀ ਲੋੜ ਸੀ।

ਹਰ ਦਿਨ ਸੰਗਤਾਂ ਦਾ ਭਾਰੀ ਗਿਣਤੀ ਵਿਚ ਬੰਗਲੇ ਵਿਚ ਸਜਦੇ ਦੀਵਾਨ ਵਿਚ ਆਉਣਾ ਵੱਧ ਰਿਹਾ ਸੀ। ਇਕ ਦਿਨ ਔਰੰਗਜ਼ੇਬ ਨੇ ਆਪਣੇ ਛੋਟੇ ਸ਼ਹਿਜ਼ਾਦੇ ਨੂੰ ਸੰਗਤ ਵਿਚ ਭੇਜਿਆ। ਗੁਰੂ ਸਾਹਿਬ ਜੀ ਨੇ ਉਸ ਦਾ ਸਤਿਕਾਰ ਕੀਤਾ। ਉਹ ਗੁਰੂ ਸਾਹਿਬ ਜੀ ਦੇ ਦਰਬਾਰ ਵਿਚ ਸੇਵਾਦਾਰ, ਚੋਬਦਾਰ (ਹੱਥ ਵਿਚ ਸ਼ਸਤਰ ਫੜ ਕੇ ਖੜਾ ਪਹਿਰੇਦਾਰ ਸਿੱਖ) ਅਤੇ ਘੋੜ ਸਵਾਰ ਦੇਖ ਕੇ ਆਪਣੇ ਰਾਜਸੀ ਠਾਠ ਨਾਲ ਤੁਲਨਾ ਕਰ ਰਿਹਾ ਸੀ। ਉਹ ਗੁਰੂ ਦਰਬਾਰ ਵਿਚ ਸੰਗਤ ਦਾ ਉਤਸ਼ਾਹ ਅਤੇ ਗੁਰੂ ਸਾਹਿਬ ਜੀ ਪ੍ਰਤੀ ਸ਼ਰਧਾ ਵੇਖ ਕੇ ਹੈਰਾਨ ਹੋ ਰਿਹਾ ਸੀ। ਲੋਕਾਂ ਦੀਆਂ ਲੋੜਾਂ ਦਾ ਤੁਰੰਤ ਹੱਲ ਹੁੰਦਾ ਦੇਖ ਕੇ ਮਨ ਹੀ ਮਨ ਉਹ ਬਾਲਾ ਪ੍ਰੀਤਮ ਦਾ ਮੁਰੀਦ ਹੁੰਦਾ ਜਾ ਰਿਹਾ ਸੀ। ਮੌਕਾ ਪਾ ਕੇ ਉਸ ਨੇ ਕਹਿ ਹੀ ਦਿੱਤਾ ਕਿ ਤੁਸੀਂ ਪਿਤਾ ਜੀ ਨੂੰ ਵੀ ਮਿਲ ਲਓ, ਉਹ ਬਹੁਤ ਖੁਸ਼ ਹੋਣਗੇ। ਗੁਰੂ ਸਾਹਿਬ ਜੀ ਨੇ ਸਾਫ਼ ਕਰ ਦਿੱਤਾ ਕਿ ਜੋ ਕੇਵਲ ਕਰਾਮਾਤਾਂ ਹੀ ਦੇਖਣਾ ਲੋੜਦਾ ਹੈ, ਮਨ ਵਿਚ ਕੋਈ ਸ਼ਰਧਾ ਨਹੀਂ ਹੈ, ਮਨ ਵਿਚ ਕੇਵਲ ਕਪਟ ਭਰਿਆ ਹੈ, ਉਸ ਲਈ ਗੁਰੂ ਦਰਬਾਰ ਵਿਚ ਕੋਈ ਥਾਂ ਨਹੀਂ ਹੈ। ਸ਼ਹਿਜ਼ਾਦੇ ਨੇ ਬੇਨਤੀ ਕੀਤੀ ਕਿ ਉਹਨਾਂ ਲਈ ਕੋਈ ਸੰਦੇਸ਼ ਹੀ ਲਿਖ ਦਿਓ। ਉਸਦੀ ਇਸ ਬੇਨਤੀ ਤੇ ਗੁਰੂ ਸਾਹਿਬ ਜੀ ਨੇ ਫ਼ਾਰਸੀ ਅੱਖਰਾਂ ਦੇ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ- 'ਵਡਹੰਸ ਦੀ ਵਾਰ' ਵਿਚੋਂ ਦੋ ਸਲੋਕ ਲਿਖ ਕੇ ਭੇਜੇ:

ਮ:੧ ਸਲੋਕ॥

ਸੋ ਜੀਵਿਆ ਜਿਸ ਮਨਿ ਵਸਿਆ ਸੋਇ॥ ਨਾਨਕ ਅਵਰ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥
ਰਾਜਿ ਰੰਗੁ ਮਾਲਿ ਰੰਗੁ॥ ਰੰਗ ਰਤਾ ਨਚੈ ਨੰਗੁ॥
ਨਾਨਕ ਠਗਿਆ ਮੁਠਾ ਜਾਇ॥ ਵਿਣੁ ਨਾਵੈ ਪਤਿ ਗਇਆ ਗਵਾਇ॥੧॥
ਮ:੧॥
ਕਿਆ ਖਾਧੈ ਕਿਆ ਪੈਧੈ ਹੋਇ॥ ਜਾ ਮਨਿ ਨਾਹੀ ਸਚਾ ਸੋਇ॥
ਕਿਆ ਮੇਵਾ ਕਿਆ ਘਿਉ ਗੁੜ ਮਿਠਾ ਕਿਆ ਮੈਦਾ ਕਿਆ ਮਾਸੁ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸੁ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥੨॥ (ਪਾਵਨ ਅੰਗ 142)

ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਚਿਠੀ ਨੂੰ ਪੜ੍ਹ ਕੇ ਅਤੇ ਸ਼ਹਿਜ਼ਾਦੇ ਵਲੋਂ ਗੁਰੂ ਦਰਬਾਰ ਦੀ ਇਲਾਹੀ ਸ਼ਾਨ ਸੁਣ ਕੇ ਉਸ ਨੇ ਗੁਰੂ ਸਾਹਿਬ ਜੀ ਨੂੰ ਮਿਲਣ ਦਾ ਪੱਕਾ ਮਨ ਬਣਾ ਲਿਆ ਅਤੇ ਇਕ ਦਿਨ ਔਰੰਗਜ਼ੇਬ ਸਵੇਰੇ ਹੀ ਉਹਨਾਂ ਦੇ ਬੰਗਲੇ ਵਿਚ ਪਹੁੰਚ ਗਿਆ। ਗੁਰੂ ਸਾਹਿਬ ਜੀ ਨੇ ਦਰਵਾਜ਼ੇ ਬੰਦ ਕਰਵਾ ਲਏ। ਉਸ ਨੇ ਚੋਬਦਾਰ ਨੂੰ ਕਿਹਾ ਕਿ ਕੇਵਲ ਦਰਸ਼ਨ ਕਰਨੇ ਹਨ, ਮੈਂ ਕੋਈ ਵੀ ਬਚਨ ਨਹੀ ਕਰਾਂਗਾ। ਦੀਵਾਨ ਦਰਗਾਹ ਮੱਲ ਵਲੋਂ ਉਸ ਨੂੰ ਜਾ ਕੇ ਦੱਸਿਆ ਗਿਆ ਕਿ ਗੁਰੂ ਸਾਹਿਬ ਜੀ ਕਿਸੇ ਵੀ ਸੂਰਤ ਵਿਚ ਤੁਹਾਨੂੰ ਨਹੀ ਮਿਲਣਗੇ, ਪਰ ਇਸ ਦੇ ਬਾਵਯੂਦ ਔਰੰਗਜ਼ੇਬ ਅੱਧੀ ਘੜੀ ਬਾਹਰ ਖੜਾ ਰਿਹਾ।

ਇਹਨਾਂ ਹੀ ਦਿਨਾਂ ਵਿਚ ਦਿੱਲੀ ਵਿਚ ਇਕ ਬੀਮਾਰੀ ਫ਼ੈਲ ਗਈ ਸੀ। ਜਿਸਨੂੰ ਇਹ ਬੀਮਾਰੀ ਹੁੰਦੀ ਉਸ ਨੂੰ ਸਾਰੇ ਸਰੀਰ ਵਿਚ ਇਸ ਤਰ੍ਹਾਂ ਮਹਿਸੂਸ ਹੁੰਦਾ ਜਿਵੇਂ ਕੋਈ ਸੂਈਆਂ ਚੁਭੋ ਰਿਹਾ ਹੋਵੇ। ਬਾਅਦ ਵਿਚ ਬੁਖਾਰ ਹੁੰਦਾ ਅਤੇ 2-3 ਦਿਨਾਂ ਬਾਅਦ ਹੀ ਮਰੀਜ਼ ਦੀ ਮੌਤ ਹੋ ਜਾਂਦੀ। ਦੇਖਦੇ ਹੀ ਦੇਖਦੇ ਇਹ ਬੀਮਾਰੀ ਸਾਰੀ ਦਿੱਲੀ ਵਿਚ ਫ਼ੈਲ ਗਈ। ਹਜ਼ਾਰਾਂ ਲੋਕੀਂ ਰੋਜ਼

ਮਰਨ ਲੱਗੇ। ਕੋਈ ਦਵਾਈ ਕੰਮ ਨਾ ਕਰੇ। ਗੁਰੂ ਸਾਹਿਬ ਜੀ ਗਲੀਆਂ ਮੁੱਹਲਿਆਂ ਵਿਚ ਗਏ। ਬੀਮਾਰਾਂ ਤੇ ਮੇਹਰ ਦੀ ਨਜ਼ਰ ਕਰਕੇ ਅਰੋਗ ਕੀਤੇ। ਜੋ ਬੀਮਾਰੀ ਕਰ ਕੇ ਮਰ ਗਏ, ਉਹਨਾਂ ਦੀ ਸੰਭਾਲ ਦੇ ਪ੍ਰਬੰਧ ਸਿੱਖਾਂ ਤੋਂ ਕਰਵਾਏ। ਬੀਮਾਰੀ ਇਤਨੀ ਫ਼ੈਲੀ ਕਿ ਗਲੀਆਂ ਵਿਚੋਂ ਲੰਘਣਾ ਔਖਾ ਹੋ ਗਿਆ, ਲੋੜਵੰਦ ਗਲੀਆਂ ਵਿਚ ਹੀ ਘੇਰ ਲੈਂਦੇ। ਫਿਰ ਗੁਰੂ ਸਾਹਿਬ ਜੀ ਬੰਗਲੇ ਵਿਚ ਝਰੋਖੇ ਵਿਚ ਬੈਠ ਕੇ ਦਰਸ਼ਨ ਦਿੰਦੇ ਅਤੇ ਜਲ ਦਾ ਛਿੱਟਾ ਦਿੰਦੇ। ਜਦੋਂ ਇਥੇ ਵੀ ਦੁਖੀਆਂ ਦੀ ਵਾਰੀ ਨਾ ਆਉਂਦੀ, ਤਾਂ ਗੁਰੂ ਸਾਹਿਬ ਜੀ ਨੇ ਜਲ ਦਾ ਚੁਬੱਚਾ ਬਣਵਾ ਦਿੱਤਾ, ਜਿਸ ਵਿਚੋਂ ਸੰਗਤਾਂ ਜਲ ਦਾ ਛਿੱਟਾ ਲਗਾ ਕੇ ਅਰੋਗ ਹੁੰਦੀਆਂ। ਅੱਜ ਵੀ ਬੰਗਲਾ ਸਾਹਿਬ ਵਿਚ ਸੰਗਤਾਂ ਇਸ ਚੁਬੱਚੇ ਦਾ ਜਲ ਛਕ ਕੇ ਆਪਣੇ ਆਪ ਨੂੰ ਧੰਨ ਭਾਗ ਸਮਝਦੀਆਂ ਹਨ। ਇਸੇ ਜਲ ਨਾਲ ਅਜੋਕੀ ਕਰੋਨਾ ਮਹਾਂਮਾਰੀ ਸਮੇਂ ਲੋਕ ਅਰੋਗ ਦੇਖੇ ਗਏ ਹਨ। ਸੋਸ਼ਲ ਮੀਡੀਆ ਤੇ ਅਨੇਕਾਂ ਵੀਡੀਓਜ਼ ਇਸ ਗੱਲ ਦਾ ਪ੍ਰਮਾਣ ਹਨ।

ਜਦੋਂ ਗੁਰੂ ਹਰਿ ਰਾਇ ਸਾਹਿਬ ਜੀ ਜੋਤੀ ਜੋਤ ਸਮਾਏ ਸਨ ਤਾਂ (ਗੁਰੂ) ਤੇਗ ਬਹਾਦਰ ਜੀ ਪੂਰਬ ਦੀ ਸਿੱਖੀ ਪ੍ਰਚਾਰ ਯਾਤਰਾ ਤੇ ਗਏ ਹੋਏ ਸਨ। ਵਾਪਸੀ ਤੇ ਜਦੋਂ ਉਹਨਾਂ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਿੱਲੀ ਵਿਚ ਹੋਣ ਦੀ ਸੂਚਨਾ ਮਿਲੀ ਤਾਂ ਉਹ ਦਿੱਲੀ ਪੁੱਜੇ ਅਤੇ ਭਾਈ ਕਲਿਆਣਾ ਦੀ ਧਰਮਸਾਲ ਵਿਚ ਰੁਕੇ। ਗੁਰੂ ਹਰਿ ਰਾਇ ਸਾਹਿਬ ਜੀ ਜੋਤੀ ਜੋਤ ਸਮਾਉਣ ਤੋਂ ਬਾਅਦ ਉਹ ਬੰਗਲੇ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਨੂੰ ਮਿਲਣ ਗਏ। ਭੱਟ ਵਹੀਆਂ ਅਨੁਸਾਰ ਇਹ 21 ਮਾਰਚ 1664 ਈਸਵੀ ਦਾ ਦਿਨ ਸੀ। 3 ਦਿਨ (ਗੁਰੂ) ਤੇਗ ਬਹਾਦਰ ਜੀ ਬੰਗਲੇ ਵਿਚ ਹੀ ਰਹੇ ਫਿਰ ਉਥੋਂ ਵਿਦਾਈ ਲੈ ਕੇ ਉਹਨਾਂ ਨੇ ਬਕਾਲੇ ਲਈ ਚਾਲੇ ਪਾ ਦਿੱਤੇ।

ਗੁਰੂ ਸਾਹਿਬ ਜੀ ਨੇ ਭਾਈ ਦਰਗਾਹ ਮੱਲ ਨੂੰ ਕਿਹਾ ਕਿ ਹੁਣ ਉਹ ਇਸ ਬੰਗਲੇ ਵਿਚ ਨਹੀਂ ਰਹਿਣਾ ਚਾਹੁੰਦੇ, ਕਿਉਂਕਿ ਜਦੋਂ ਦਾ ਔਰੰਗਜ਼ੇਬ ਬੰਗਲੇ ਵਿਚੋਂ ਬਿਨਾਂ ਦਰਸ਼ਨ ਤੋਂ ਗਿਆ ਹੈ, ਤਾਂ ਉਹ ਇਕੋ ਗੱਲ ਦੇ ਪਿਛੇ ਪਿਆ ਹੋਇਆ ਹੈ ਕਿ ਜਾਂ ਤਾਂ ਗੁਰੂ ਜੀ ਦਰਸ਼ਨ ਦੇਣ ਜਾਂ ਕੋਈ ਕਰਾਮਾਤ ਦਿਖਾਉਣ। ਤਾਂ ਦਰਗਾਹ ਮੱਲ ਜੀ ਨੇ ਭਾਈ ਕਲਿਆਣਾ ਜੀ ਦੀ ਧਰਮਸਾਲ ਵਿਚ ਜਾਣ ਦੀ ਸਲਾਹ ਦਿੱਤੀ। ਗੁਰੂ ਜੀ ਨੇ ਮਾਤਾ ਜੀ ਸਮੇਤ ਰਾਜੇ ਦਾ ਬੰਗਲਾ ਛੱਡ ਕੇ ਧਰਮਸਾਲ ਵਿਚ ਜਾਣ ਦਾ ਫ਼ੈਸਲਾ ਲੈ ਲਿਆ। ਇਸ ਦਾ ਇਹ ਕਾਰਨ ਵੀ ਸੀ ਕਿ ਇਹ ਜਗ੍ਹਾ ਸ਼ਹਿਰ ਦੇ ਵਿਚਕਾਰ ਹੋਣ ਕਰਕੇ ਵਸੋਂ ਜ਼ਿਆਦਾ ਸੀ, ਅਤੇ ਬੀਮਾਰੀ ਦਾ ਜੋਰ ਵੀ ਵੱਧ ਸੀ।ਗੁਰੂ ਸਾਹਿਬ ਜੀ ਰੋਗੀਆਂ ਦੇ ਰੋਗ ਦੂਰ ਕਰਨ ਹੀ ਤਾਂ ਆਏ ਸਨ। ਗੁਰੂ ਸਾਹਿਬ ਜੀ ਦੇ ਉਥੇ ਬਿਰਾਜਣ ਕਰਕੇ ਸੰਗਤ ਅਤੇ ਬੀਮਾਰਾਂ ਦੀ ਭੀੜ ਲੱਗੀ ਹੀ ਰਹਿੰਦੀ। ਗੁਰੂ ਸਾਹਿਬ ਜੀ ਨੂੰ ਨਾ ਦਿਨੇ ਆਰਾਮ ਸੀ ਤੇ ਨਾ ਰਾਤ ਨੂੰ। ਗੁਰੂ ਸਾਹਿਬ ਜੀ ਹਰ ਸਮੇਂ ਸੰਗਤ ਦੀ ਸੇਵਾ ਲਈ ਤਿਆਰ ਰਹਿੰਦੇ। ਰੋਗੀ ਤਾਂ ਕੇਵਲ ਉਹਨਾਂ ਦੀ ਇਕ ਮੇਹਰ ਦੀ ਦ੍ਰਿਸ਼ਟੀ ਮਾਤਰ ਨਾਲ ਹੀ ਠੀਕ ਹੋ ਰਹੇ ਸਨ। ਗੁਰੂ ਸਾਹਿਬ ਜੀ ਦੀ ਸਰਰਿਕ ਥਕਾਵਟ ਬਹੁਤ ਵੱਧ ਗਈ ਸੀ। ਗੁਰੂ ਸਾਹਿਬ ਜੀ ਇਹ ਵੀ ਜਾਣਦੇ ਸਨ ਕਿ ਔਰੰਗਾ ਉਹਨਾਂ ਵੱਲੋਂ ਪਿਤਾ ਗੁਰੂ ਜੀ ਨਾਲ ਕੀਤੇ ਪ੍ਰਣ ਨੂੰ ਰਾਜ ਸ਼ਕਤੀ ਨਾਲ ਤੋੜਨ ਦਾ ਯਤਨ ਕਰੇਗਾ। ਕਿਉਂਕਿ ਉਸ ਨੇ 'ਦਰਸ਼ਨ ਦਿਓ ਜਾਂ ਕਰਾਮਾਤ ਦਿਖਾਓ' ਦਾ ਬਖੇੜਾ ਖੜਾ ਕੀਤਾ ਹੋਇਆ ਸੀ। ਇਸ ਲਈ ਗੁਰੂ ਸਾਹਿਬ ਜੀ ਨੇ ਦਿੱਲੀ ਵਾਲੀ ਬੀਮਾਰੀ ਆਪਣੇ ਤੇ ਲੈ ਲਈ। ਹੌਲੀ ਹੌਲੀ ਸਰੀਰ ਦੀ ਗਰਮਾਇਸ਼ ਵੱਧ ਗਈ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜੋਤੀ ਜੋਤ ਸਮਾਉਣ ਦਾ ਫ਼ੈਸਲਾ ਗੁਰੂ ਸਾਹਿਬ ਜੀ ਦਾ ਆਪਣਾ ਸੀ। ਭਾਈ ਗੁਰਦਾਸ ਜੀ (ਦੂਜੇ) ਦੀ ਵਾਰ ਦੀ 22ਵੀਂ ਪਉੜੀ ਇਸ ਗੱਲ ਦਾ ਪ੍ਰਮਾਣ ਹੈ:

ਹਰਿਕ੍ਰਿਸ਼ਨ ਭਯੋ, ਅਸ਼ਟਮ ਬਲਬੀਰਾ॥ ਜਿਨੀ ਪਹੁੰਚ ਦੇਹਲੀ, ਤਜਿਓ ਸਰੀਰਾ॥
ਬਾਲ ਰੂਪ ਧਰਿਓ, ਸਵਾਂਗ ਰਚਾਏ॥ ਤਬ ਸਹਿਜੇ, ਤਨ ਕੋ ਛੋਡਿ ਸਿਧਾਏ॥
ਇਉਂ ਮੁਗਲਨ, ਸੀਸ ਪਰੀ ਬਹੁ ਛਾਰਾ॥ ਵੈ ਖੁੱਦ ਪਤਿ ਸਿਉਂ, ਪਹੁੰਚੇ ਦਰਬਾਰਾ॥

ਪੰਜਵੇਂ ਦਿਨ ਗੁਰੂ ਸਾਹਿਬ ਜੀ ਨੇ ਅੱਖਾਂ ਖੋਲੀਆਂ ਤਾਂ ਮਾਤਾ ਜੀ ਨੂੰ ਜੋ ਬਚਨ ਕਹੇ,ਉਹ ਇਤਿਹਾਸ ਵਿਚ ਦਰਜ ਹਨ:

ਹਮਰਾ ਤੁਰਕਨ ਸੋ ਮੇਲ ਨ ਹੋਇ। ਜੋ ਹਰਿ ਭਾਵੈ ਹੋਵੇ ਸੋਇ।
ਪਾਂਚ ਦਿਵਸ ਇਮ ਬੀਤਤ ਭਇਆ। ਤਬ ਮਾਤਾ ਜੀ ਕੋ ਸਤਿਗੁਰ ਕਹਿਆ।
ਅਬ ਹਮ ਪਰਮ ਧਾਮ ਕੋ ਜਾਵੇਂ। ਤਨ ਤਜ ਜੋਤੀ ਜੋਤਿ ਸਮਾਵੈਂ।

ਦਰਗਾਹ ਮੱਲ ਜੀ ਨੇ ਪੁੱਛਿਆ ਕਿ ਸੰਗਤ ਨੂੰ ਕਿਸ ਦੇ ਲੜ ਲਾ ਚਲੇ ਹੋ? ਤਾਂ ਸਤਿਗੁਰੂ ਜੀ ਨੇ ਹੁਕਮ ਕੀਤਾ – ਪੰਜ ਪੈਸੇ ਤੇ ਨਾਰੀਅਲ ਲੈ ਆਵੋ। ਦਰਗਾਹ ਮੱਲ ਜੀ ਸੋਨੇ ਦੇ ਥਾਲ ਵਿਚ ਰੱਖ ਇਹ ਵਸਤਾਂ ਲੈ ਆਏ। ਗੁਰੂ ਸਾਹਿਬ ਜੀ ਨੇ ਲੇਟੇ ਲੇਟੇ ਹੀ ਪੰਜ ਪੈਸੇ ਤੇ ਨਾਰੀਅਲ ਆਪਣੇ ਹੱਥ ਵਿਚ ਲੈ ਕੇ 3 ਵਾਰੀ ਗੋਲ ਘੁਮਾਇਆ, ਫਿਰ ਮੱਥੇ ਨੂੰ ਛੁਹਾ ਕੇ ਥਾਲ ਵਿਚ ਇਹ ਵਸਤਾਂ ਰੱਖ ਕੇ ਬਚਨ ਕੀਤਾ: "ਬਾਬਾ ਬਸੇ ਜਿ ਗ੍ਰਾਮ ਬਕਾਲੇ"॥

ਗੁਰੂ ਨਾਨਕ ਦੀ ਜੋਤ ਬਕਾਲੇ ਪਹੁੰਚਾ ਕੇ ਨੇਤਰ ਬੰਦ ਕਰ ਲਏ ਅਤੇ ਆਪਣੇ ਆਪ ਨੂੰ ਪਰਮ ਜੋਤ ਵਿਚ ਸਮਾ ਲਿਆ।ਇਹ ਦਿਨ ਸੀ 30 ਮਾਰਚ,1664 ਈਸਵੀ।

*************************

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪ੍ਰਭਾਵ

(ਪੰਨਾਂ 22 ਤੋਂ ਅੱਗੇ)

ਇਕ ਦਿਨ ਉਸਦੀ ਸਵਾਰੀ ਚਾਂਦਨੀ ਚੌਂਕ ਤੋਂ ਲੰਘ ਰਹੀ ਸੀ ਇਕ ਬੰਦੇ ਨੇ ਸੋਟੀ ਜ਼ੋਰ ਨਾਲ ਵਗਾਹ ਕੇ ਮਾਰੀ। ਪਹਿਰੇਦਾਰ ਫੜਨ ਲੱਗੇ ਪਰ ਔਰੰਗਜ਼ੇਬ ਨੇ ਰੋਕ ਦਿੱਤਾ। ਇਸ ਤੋਂ ਦੋ ਦਿਨ ਬਾਅਦ ਹੀ ਜਦੋਂ ਉਹ ਘੋੜੇ ਤੇ ਸਵਾਰ ਹੋ ਕੇ ਜਾ ਰਿਹਾ ਸੀ ਤਾਂ ਇਕ ਬੰਦੇ ਨੇ ਤਲਵਾਰ ਨਾਲ ਹਮਲਾ ਕਰ ਦਿੱਤਾ, ਹਾਲਾਂਕਿ ਉਸਦੇ ਅੱਗੇ ਪਿਛੇ ਚੋਬਦਾਰ ਚੱਲ ਰਹੇ ਸਨ। ਇਕ ਪਹਿਰੇਦਾਰ ਦੀ ਤਾਂ ਉਂਗਲੀ ਵੀ ਕੱਟੀ ਗਈ। ਉਹ ਉਸਨੂੰ ਮੌਕੇ ਤੇ ਹੀ ਕਤਲ ਕਰ ਦਿੰਦੇ, ਜੇਕਰ ਔਰੰਗਜ਼ੇਬ ਉਹਨਾਂ ਨੂੰ ਨਾ ਰੋਕਦਾ। ਔਰੰਗਜ਼ੇਬ ਦੇ ਸ਼ਾਹੀ ਡਾਇਰੀ 'ਮੁਆਸਰ ਏ ਆਲਮਗੀਰੀ' ਵਿਚ ਇਕ ਘਟਨਾ ਲਿਖੀ ਹੈ। "19 ਅਕਤੂਬਰ ਨੂੰ ਬਾਦਸ਼ਾਹ ਮੁਬਾਰਕ ਦੀ ਸਵਾਰੀ ਜਾਮਾ ਮਸਜਿਦ ਤੋਂ ਵਾਪਸ ਹੋ ਰਹੀ ਸੀ। ਆਲਮਗੀਰ ਕਿਸ਼ਤੀ ਤੋਂ ਉਤਰ ਕੇ ਤਖ਼ਤ ਏ ਰਵਾਂ ਤੇ ਸਵਾਰ ਹੋ ਰਹੇ ਸਨ, ਕਿ ਇਕ ਸਿਰਫਿਰੇ ਨੇ, ਜੋ ਗੁਰੂ ਤੇਗ਼ ਬਹਾਦਰ ਦਾ ਸਿੱਖ ਸੀ, ਨੇ ਦੋ ਇੱਟਾਂ ਸੁੱਟੀਆਂ, ਜਿਹਨਾਂ ਵਿਚੋਂ ਇਕ ਤਖ਼ਤ ਤੇ ਜਾ ਗਿਰੀ। ਪਿਆਦਿਆਂ ਨੇ ਉਸਨੂੰ ਗਿਰਫਤਾਰ ਕਰਕੇ ਕੋਤਵਾਲ ਨੂੰ ਫੜਾ ਦਿੱਤਾ। ਜਿਸ ਨੇ ਉਸ ਨੂੰ ਕਤਲ ਕਰ ਦਿਤਾ"।

ਇਹ ਸੱਭ ਘਟਨਾਵਾਂ ਦੱਸਦੀਆਂ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੇ ਹਿੰਦੋਸਤਾਨ ਦੀ ਜ਼ਮੀਰ ਨੂੰ ਜਗਾ ਦਿੱਤਾ।

(ਇਸ ਤੋਂ ਅੱਗੇ ਪੜੋ ਪੰਨਾ 52 ਉਪਰ)

## ਗੁਰੂ ਲਾਧੋ ਰੇ

ਜਿਵੇਂ ਜਿਵੇਂ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ 'ਬਚਨ- ਬਾਬਾ ਬਸੇ ਜਿ ਗ੍ਰਾਮ ਬਕਾਲੇ' ਸਿੱਖ ਸੰਗਤ ਵਿਚ ਪਤਾ ਲਗਦੇ ਗਏ, ਸੰਗਤ ਬਕਾਲੇ ਪੁਹੰਚਣ ਲੱਗ ਗਈ। ਗੁਰੂ ਘਰ ਦੇ ਸੋਢੀ ਬਾਬਿਆਂ ਨੇ ਵੀ ਬਕਾਲੇ ਆ ਕੇ ਡੇਰੇ ਲਗਾ ਲਏ। ਇਤਿਹਾਸ ਨੇ ਇਹ ਮੰਨਿਆਂ ਹੈ ਕਿ 22 ਬਾਬੇ ਮੰਜੀਆਂ ਲਗਾ ਕੇ ਗੁਰੂ ਬਣ ਬੈਠੇ ਸਨ।{ਮੰਜੀਆਂ ਤੋਂ ਭਾਵ ਆਪਣੇ ਆਪਣੇ ਕੈਂਪ ਲਗਾ ਕੇ} ਉਹਨਾਂ ਦੇ ਚੇਲੇ ਸੰਗਤਾਂ ਨੂੰ ਭਰਮਾ ਕੇ ਆਪਣੇ ਵੱਲ ਲਿਜਾ ਰਹੇ ਸਨ। ਇਹਨਾਂ ਵਿਚ ਸੱਭ ਤੋਂ ਵੱਡਾ ਦਾਅਵੇਦਾਰ ਬਾਬਾ – ਧੀਰ ਮੱਲ ਸੀ ਕਿਉਂਕਿ ਉਹਨਾਂ ਕੋਲ ਪੋਥੀ ਸਾਹਿਬ ਦੀ ਬੀੜ ਸੀ।

ਬਕਾਲੇ ਵਿਚ ਵਾਪਰ ਰਿਹਾ ਇਹ ਸੱਭ ਕੁਝ ਮਾਤਾ ਨਾਨਕੀ ਜੀ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਕਿਉਂਕਿ ਉਹ ਜਾਣਦੇ ਸਨ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਬਚਨ ਪੂਰੇ ਹੋਣ ਅਤੇ ਉਹਨਾਂ ਵੱਲੋਂ ਬਖਸ਼ੀ 'ਕਟਾਰ ਅਤੇ ਰੁਮਾਲ' ਭੇਟ ਕਰਨ ਦਾ ਸਮਾਂ ਆ ਗਿਆ ਸੀ। ਉਹਨਾਂ ਨੇ ਸ੍ਰੀ ਅੰਮ੍ਰਿਤਸਰ ਤੋਂ ਭਾਈ ਗੜ੍ਹੀਆ ਜੀ ਅਤੇ ਗੁਰੂ ਅਮਰਦਾਸ ਜੀ ਦੇ ਸੰਤਾਨ ਵਿਚੋਂ ਮੁਖੀ ਭਾਈ ਦਵਾਰਕਾ ਦਾਸ ਜੀ ਨੂੰ ਬਕਾਲੇ ਬੁਲਾ ਲਿਆ। ਉਧਰ ਦਿੱਲੀ ਦੀ ਸੰਗਤ ਦੀਵਾਨ ਭਾਈ ਦਰਗਾਹ ਮੱਲ ਜੀ ਦੀ ਅਗਵਾਈ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਵੱਲੋਂ ਬਖਸ਼ੀਆਂ ਹੋਈਆਂ ਗੁਰਗੱਦੀ ਦੀਆਂ ਵਸਤਾਂ ਲੈ ਕੇ ਬਕਾਲੇ ਵੱਲ ਚੱਲੀ ਹੋਈ ਸੀ। ਭਾਈ ਗੁਰਦਿੱਤਾ ਜੀ (ਬਾਬਾ ਬੁੱਢਾ ਜੀ ਦੇ ਪੜਪੋਤੇ) ਨੂੰ ਵੀ ਸੁਨੇਹਾ ਭੇਜ ਕੇ ਬੁਲਾ ਲਿਆ ਗਿਆ। ਉਹਨਾਂ ਨੇ (ਗੁਰੂ) ਤੇਗ ਬਹਾਦਰ ਜੀ ਨੂੰ ਬੇਨਤੀ ਕੀਤੀ ਕਿ ਹੁਣ ਸਮਾਂ ਆ ਗਿਆ ਹੈ ਕਿ ਉਹ ਆਪਣੇ ਆਪ ਨੂੰ ਪ੍ਰਗਟ ਕਰਨ ਅਤੇ ਆਪੇ ਬਣ ਬੇਠੈ ਗੁਰੂਆਂ ਕੋਲ ਭਟਕ ਰਹੀ ਸਿੱਖ ਸੰਗਤ ਨੂੰ ਸਹੀ ਮਾਰਗ ਦਿਖਾਉਣ। (ਗੁਰੂ) ਤੇਗ ਬਹਾਦਰ ਸਾਹਿਬ ਜੀ ਨੇ ਉਹਨਾਂ ਦੀ ਬੇਨਤੀ ਮੰਨਦੇ ਹੋਏ ਸੱਭ ਦੀ ਸਲਾਹ ਨਾਲ ਗੁਰਗੱਦੀ ਦੀ ਰਸਮ ਲਈ 11 ਅਗਸਤ 1664 ਈਸਵੀ ਦਾ ਸਮਾਂ ਨਿਸ਼ਚਿਤ ਕੀਤਾ ਅਤੇ ਕੁੱਝ ਮੁਖੀ ਸਿੱਖਾਂ ਨੂੰ ਹੀ ਹਾਜ਼ਰ ਹੋਣ ਦਾ ਹੁਕਮ ਕੀਤਾ। ਕੀਰਤਪੁਰ ਸਾਹਿਬ ਤੋਂ ਬਾਬਾ ਸੂਰਜ ਮੱਲ ਜੀ ਦੇ ਸਪੁੱਤਰਾਂ ਭਾਈ ਦੀਪ ਚੰਦ ਅਤੇ ਭਾਈ ਨੰਦ ਚੰਦ ਜੀ ਨੂੰ ਬੁਲਾ ਲਿਆ ਗਿਆ। ਦੀਵਾਨ ਸਜਾਇਆ ਗਿਆ। ਅੰਮ੍ਰਿਤ ਵੇਲੇ ਦੇ ਨਿਤਨੇਮ ਅਤੇ ਆਸਾ ਦੀ ਵਾਰ ਜੀ ਦੇ ਕੀਰਤਨ ਤੋਂ ਬਾਅਦ ਭਾਈ ਦਰਗਾਹ ਮੱਲ ਜੀ ਨੇ ਖੜੇ ਹੋ ਕੇ ਨਾਰੀਅਲ ਅਤੇ ਪੰਜ ਪੈਸੇ ਇਕ ਸੋਨੇ ਦੇ ਥਾਲ ਵਿਚ ਰੱਖ ਕੇ ਤਿੰਨ ਵਾਰ (ਗੁਰੂ) ਤੇਗ ਬਹਾਦਰ ਜੀ ਤੋਂ ਵਾਰ ਕੇ ਉਹਨਾਂ ਦੀ ਝੋਲੀ ਵਿਚ ਪਾ ਦਿਤੀਆਂ। ਬਿਲਕੁਲ ਉਸੇ ਤਰ੍ਹਾਂ, ਜਿਸ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਕਰ ਕਮਲਾਂ ਨਾਲ ਘੁਮਾਈਆਂ ਸਨ। ਭਾਈ ਗੁਰਦਿਤਾ ਜੀ ਨੇ ਗੁਰੂ ਸਾਹਿਬ ਨੂੰ ਉਠ ਕੇ ਤਿਲਕ ਲਗਾਇਆ। ਅਤੇ ਪਰਿਕਰਮਾ ਕਰਕੇ ਮੱਥਾ ਟੇਕ ਦਿੱਤਾ। ਉਹਨਾ ਤੋਂ ਬਾਅਦ ਜੋ ਕਟਾਰ ਅਤੇ ਰੁਮਾਲ, ਜੋ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੁਰਗੱਦੀ ਬਖ਼ਸ਼ਣ ਤੋਂ ਬਾਅਦ ਮਾਤਾ ਨਾਨਕੀ ਜੀ ਨੂੰ ਦਿੱਤੇ ਸਨ, ਉਹ ਗੁਰੂ ਤੇਗ ਬਹਾਦਰ ਜੀ ਨੂੰ ਦੀ ਝੋਲੀ ਵਿਚ ਪਾ ਕੇ ਮੱਥਾ ਟੇਕ ਦਿੱਤਾ। ਕਈ ਵਿਦਵਾਨਾਂ ਵੱਲੋਂ ਇਸ 'ਰੁਮਾਲ' ਬਾਰੇ ਬਹੁਤ ਹੀ ਸੁੰਦਰ ਵਿਚਾਰ ਬਿਆਨ ਕਰਦੇ ਹੋਏ ਲਿਖਿਆ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਭੇਟ ਕੀਤਾ ਗਿਆ ਇਹ ਰੁਮਾਲ ਹੀ 14 ਸਾਲ ਪਿਛੋਂ 11 ਨਵੰਬਰ 1675 ਈਸਵੀ ਨੂੰ ਚਾਂਦਨੀ ਚੌਂਕ ਵਿਚ ਉਹ 'ਚਾਦਰ' ਬਣਿਆ, ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਢਕ ਲਿਆ। ਫਿਰ ਜੋ ਗੁਰਸਿੱਖ ਉਸ ਸਮੇਂ ਬੁਲਾਏ ਗਏ ਸਨ, ਸਾਰਿਆਂ


ਨੇ ਮੱਥਾ ਟੇਕਿਆ ਅਤੇ ਯਥਾ ਯੋਗ ਭੇਟਾਵਾਂ ਹਾਜ਼ਰ ਕੀਤੀਆਂ। ਗੁਰੂ ਸਾਹਿਬ ਜੀ ਨੇ ਬਹੁਤ ਸੰਖੇਪ ਜਿਹੇ ਬਚਨ ਕੀਤੇ ਅਤੇ ਹੁਕਮ ਕੀਤਾ ਕਿ ਅਸੀਂ ਸਮਾਂ ਆਉਣ ਤੇ ਪ੍ਰਗਟ ਹੋ ਕੇ ਸੱਭ ਨੂੰ ਦਰਸ਼ਨ ਦਿਆਂਗੇ, ਅਜੇ ਆਪ ਨੇ ਇਸ ਨੂੰ ਗੁਪਤ ਹੀ ਰੱਖਣਾ ਹੈ। ਗੁਰੂ ਸਾਹਿਬ ਜੀ ਜਾਣਦੇ ਸਨ ਕਿ ਇਹ ਅਵਸਥਾ ਜ਼ਿਆਦਾ ਦੇਰ ਨਹੀਂ ਰਹੇਗੀ।

ਭਾਈ ਮੱਖਣ ਸ਼ਾਹ ਲੁਬਾਣਾ ਜੋ ਇਕ ਵੱਡਾ ਧੰਨਵਾਨ ਵਪਾਰੀ ਸੀ, 9 ਅਕਤੂਬਰ ਨੂੰ ਬਕਾਲੇ ਪੁੱਜਿਆ। ਉਸ ਨਾਲ ਉਸ ਦੇ ਦੋਵੇਂ ਪੁੱਤਰ ਲਾਲ ਚੰਦ, ਖੁਸ਼ਹਾਲ ਚੰਦ ਅਤੇ ਉਸ ਦੀ ਸੁਪਤਨੀ ਸਲੋਜਈ ਸੀ। ਉਹ ਆਪਣੇ ਨਾਲ 2000 ਘੋੜ ਸਵਾਰ ਸਿਪਾਹੀ ਵੀ ਲੈ ਕੇ ਆਇਆ ਸੀ। ਗੁਰੂ ਘਰ ਦਾ ਸੱਚਾ ਸ਼ਰਧਾਲੂ ਸਿੱਖ ਸੀ। ਉਹਨਾਂ ਦੇ ਪਿਤਾ ਜੀ ਦਾਸੇ ਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਅੰਮ੍ਰਿਤਸਰ ਆਇਆ ਕਰਦੇ ਸਨ। ਭਾਈ ਮੱਖਣ ਸ਼ਾਹ ਮੁਗਲ ਫ਼ੌਜਾਂ ਨੂੰ ਰਸਦ ਸਪਲਾਈ ਕਰਦੇ ਸਨ। ਸੂਰਤ ਦੇ ਨੇੜੇ ਇਸ ਦਾ ਸਮੁੰਦਰੀ ਜਹਾਜ ਤੂਫ਼ਾਨ ਵਿਚ ਘਿਰ ਗਿਆ। ਜਹਾਜ ਚਲਾਉਣ ਵਾਲੇ ਅਮਲੇ ਨੇ ਇਸ ਨੂੰ ਦੱਸਿਆ ਕਿ ਹੁਣ ਇਸ ਨੂੰ ਡੁੱਬਣ ਤੋਂ ਬਚਾਉਣਾ ਮੁਸ਼ਕਲ ਹੈ, ਇਸ ਲਈ ਸਾਨੂੰ ਆਪਣੀਆਂ ਜਾਨਾਂ ਬਚਾਉਣ ਲਈ ਦੂਸਰੇ ਹੀਲੇ ਕਰ ਲੈਣੇ ਚਾਹੀਦੇ ਹਨ। ਭਾਈ ਮੱਖਣ ਸ਼ਾਹ ਨੇ ਆਪਣੇ ਹੱਥ ਮੂੰਹ ਸੁੱਚੇ ਕਰਕੇ ਇਕ ਸਾਫ਼ ਕਪੜਾ ਵਿਛਾ ਕੇ ਬੜੇ ਹੀ ਸਹਿਜ ਨਾਲ ਗੁਰੂ ਸਾਹਬ ਜੀ ਨੂੰ ਹਾਜ਼ਰ ਨਾਜ਼ਰ ਮੰਨ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ। ਉਪਰੰਤ ਅਰਦਾਸ ਕਰਕੇ ਬੇੜਾ ਬੰਨੇ ਲਾਉਣ ਦੀ ਬੇਨਤੀ ਕੀਤੀ। ਦਸਵੰਧ ਦੇ ਨਾਲ 500 ਮੋਹਰਾਂ ਹੋਰ ਭੇਟ ਕਰਨ ਦਾ ਸੰਕਲਪ ਵੀ ਕਰ ਲਿਆ। ਅਰਦਾਸ ਕਰਦੇ ਹੀ ਐਸੀ ਕਿਰਪਾ ਵਰਤੀ ਕਿ ਭਾਰੀ ਤੁਫ਼ਾਨ ਦੇ ਹੁੰਦਿਆਂ ਵੀ ਉਸ ਦਾ ਜਹਾਜ ਡੱਕੋ ਡੋਲੇ ਖਾਣ ਤੋਂ ਹਟ ਗਿਆ। ਕੁਝ ਸਮੇਂ ਬਾਅਦ ਸਮੁੰਦਰ ਕੁੱਝ ਸ਼ਾਂਤ ਹੋਇਆ। ਉਹਨਾਂ ਦਾ ਜਹਾਜ ਕਿਨਾਰੇ ਲੱਗ ਗਿਆ। ਹੁਣ ਭੇਟਾਵਾਂ ਲੈ ਕੇ ਦਿੱਲੀ ਪੁੱਜਿਆ, ਜਿਥੋਂ ਉਸ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦਾ ਅਤੇ ਉਹਨਾਂ ਦੇ ਆਖ਼ਰੀ ਬਚਨ 'ਬਾਬਾ ਬਸੇ ਜਿ ਗ੍ਰਾਮ ਬਕਾਲੇ' ਬਾਰੇ ਪਤਾ ਲੱਗਿਆ।

ਉਸ ਦੇ ਸਿਪਾਹੀ ਬਕਾਲੇ ਦੇ ਥੋੜਾ ਬਾਹਰ ਵੱਲ ਪਹੁੰਚ ਕੇ ਆਪਣੇ ਤੰਬੂ ਲਗਾ ਰਹੇ ਸਨ, ਤਾਂ ਸੱਭ ਮੰਜੀਦਾਰ ਇਹ ਸੋਚ ਕੇ ਖੁਸ਼ ਹੋ ਰਹੇ ਸਨ ਕਿ ਕੋਈ ਨਵਾਬ ਜਾਂ ਸ਼ਹਿਜ਼ਾਦਾ ਬਕਾਲੇ ਆ ਰਿਹਾ ਹੈ। ਸੱਭ ਇਸ ਕੋਸ਼ਿਸ਼ ਵਿਚ ਲੱਗ ਗਏ ਕਿ ਪਹਿਲਾਂ ਉਹ ਉਹਨਾਂ ਦੇ ਡੇਰੇ ਵਿਚ ਹੀ ਆਵੇ। ਓਧਰ ਭਾਈ ਲੁਬਾਣਾ ਜੀ ਜਿਥੇ ਇਤਨੇ ਗੁਰੂ ਵੇਖ ਕੇ ਹੈਰਾਨ ਹੋ ਰਹੇ ਸਨ, ਉਥੇ ਇਹ ਵੀ ਸੋਚ ਰਹੇ ਸਨ ਕਿ ਸੱਚੇ ਗੁਰੂ ਨੂੰ ਕਿਵੇਂ ਮਿਲਿਆ ਜਾਵੇ ਅਤੇ ਉਹਨਾਂ ਨੂੰ ਭੇਟਾ ਅਰਪਣ ਕੀਤੀ ਜਾਵੇ। ਅਗਲੇ ਦਿਨ ਉਹਨਾਂ ਨੇ ਸਾਰੇ ਬਾਬਿਆਂ ਨੂੰ 2-2 ਸੋਨੇ ਦੀਆਂ ਮੋਹਰਾਂ ਭੇਟ ਕਰਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਉਹਨਾਂ ਸੋਚਿਆ, ਜਿਹੜਾ ਵੀ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਦਾ ਮਾਲਕ ਹੋਵੇਗਾ, ਉਹ ਆਪੇ ਹੀ ਆਪਣੀ ਅਮਾਨਤ ਮੰਗ ਲਵੇਗਾ। ਪਰ ਜਿਤਨੇ ਵੀ ਉਥੇ ਬੈਠੇ ਸਨ, ਉਹ ਕੋਈ ਵੀ ਉਸ ਦੇ ਦਿਲ ਦੀ ਗੱਲ ਨਾ ਜਾਣ ਸਕਿਆ। ਨਿਰਾਸ਼ ਹੋ ਕੇ ਉਹ ਆਪਣੇ ਤੰਬੂ ਵਿਚ ਆ ਗਿਆ। ਕੁਝ ਦਿਨਾਂ ਬਾਅਦ ਉਸ ਨੂੰ ਕਿਸੇ ਨੇ ਦੱਸਿਆ ਇਕ ਹੋਰ ਸੋਢੀ ਬਾਬਾ ਤੇਗ ਬਹਾਦਰ ਵੀ ਹੈ, ਜਪ ਤਪ ਬਹੁਤ ਕਰਦੇ ਹਨ, ਪਰ ਉਹਨਾਂ ਨੇ ਕੋਈ ਮੰਜੀ ਨਹੀਂ ਲਗਾਈ ਹੋਈ। ਭਾਈ ਮੱਖਣ ਸ਼ਾਹ ਨੇ ਉਥੇ ਜਾ ਕੇ ਵੀ ਆਪਣੀ ਪਰਖ ਜਾਰੀ ਰੱਖੀ ਅਤੇ ਦੋ ਮੋਹਰਾਂ ਭੇਟ ਕਰਕੇ ਸਨਮੁੱਖ ਹੋ ਕੇ ਬੈਠ ਗਿਆ। ਗੁਰੂ ਸਾਹਿਬ ਜੀ ਉਸ ਨੂੰ ਵੇਖ ਕੇ ਮੁਸਕਰਾਏ ਅਤੇ ਬਚਨ ਕੀਤੇ,"ਸ਼ਾਹ ਜੀ,

ਆਪਣਾ ਵਾਅਦਾ ਕਿਉਂ ਭੁੱਲ ਰਹੇ ਹੋ- 500 ਮੁਹਰਾਂ ਦੀ ਥਾਂ ਤੇ ਕੇਵਲ 2, ਸਾਡਾ ਤਾਂ ਤੁਹਾਡੇ ਜਹਾਜ਼ ਨੂੰ ਲਗਾਇਆ ਮੋਢੇ ਦਾ ਜ਼ਖਮ ਅਜੇ ਤੱਕ ਪੂਰੀ ਤਰ੍ਹਾਂ ਠੀਕ ਵੀ ਨਹੀਂ ਹੋਇਆ।" ਫਿਰ ਉਹਨਾਂ ਨੇ ਮੋਢੇ ਤੋਂ ਥੋੜਾ ਜਿਹਾ ਕਪੜਾ ਉਠਾ ਕੇ ਪਾਵਨ ਸਰੀਰ ਤੇ ਪਏ ਹੋਏ ਨੀਲ ਵੀ ਭਾਈ ਮੱਖਣ ਸ਼ਾਹ ਨੂੰ ਵਿਖਾਏ। 'ਮਹਿਮਾ ਪ੍ਰਕਾਸ਼ ਗ੍ਰੰਥ' ਦੇ ਅਨੁਸਾਰ:

'ਸੁਨ ਸਿੱਖ ਡੁਬਦੀ ਨਾਓ ਤੁਮ ਹਮ ਕੰਢੇ ਦੀਨ ਲਗਾਇ।
ਕੰਧੇ ਮੁਹਿ ਘਾਸੀ ਲਗੀ ਕਿਉਂ ਪੂਜਾ ਦਿਉ ਦੁਰਾਇ॥'



ਬਸ ਫਿਰ ਤਾਂ ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਗੁਰੂ ਸਾਹਿਬ ਜੀ ਦੇ ਚਰਨਾਂ ਤੇ ਆਪਣਾ ਸੀਸ ਰੱਖ ਕੇ ਕਿਹਾ,'ਆਪ ਜੀ ਨੇ ਅੱਜ ਫਿਰ ਮੈਨੂੰ ਡੁਬਦੇ ਨੂੰ ਬਚਾ ਲਿਆ ਹੈ, ਮੇਰੇ ਭਟਕਦੇ ਮਨ ਨੂੰ ਟਿਕਾ ਦਿੱਤਾ ਹੈ'। ਇਹ ਕਹਿ ਕੇ ਕੋਠੇ ਤੇ ਜਾ ਚੜ੍ਹਿਆ। ਉੱਚੀ ਉੱਚੀ ਹੋਕਾ ਦੇਣਾ ਸ਼ੁਰੂ ਕਰ ਦਿੱਤਾ,'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਕੋਠੇ ਤੋਂ ਉੱਤਰ ਕੇ ਆਪਣੇ ਟਿਕਾਣੇ ਵੱਲ ਨੂੰ ਦੌੜਦਾ ਜਾ ਰਿਹਾ ਸੀ ਤੇ ਨਾਲੋ ਨਾਲ ਬੋਲੀ ਵੀ ਜਾ ਰਿਹਾ ਸੀ- 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ''ਗੁਰੂ ਲਾਧੋ ਰੇ, ਗੁਰੂ ਲਾਧੋ ਰੇ'। ਆਪਣੇ ਟਿਕਾਣੇ ਤੇ ਜਾ ਕੇ ਗੁਰੂ ਸਾਹਿਬ ਜੀ ਲਈ ਤਿਆਰ ਕੀਤੀ ਹੋਈ ਪੁਸ਼ਾਕ, ਦਸਵੰਧ ਦੀ ਰਕਮ ਅਤੇ 500 ਮੋਹਰਾਂ ਦੀ ਥੈਲੀ ਇਕ ਥਾਲ ਵਿਚ ਰੱਖ ਕੇ ਗੁਰੂ ਸਾਹਿਬ ਜੀ ਦੇ ਸਥਾਨ ਤੇ ਪਹੁੰਚ ਕੇ ਉਹਨਾਂ ਨੂੰ ਭੇਟ ਕੀਤਾ। ਗੁਰੂ ਸਾਹਿਬ ਜੀ ਨੇ 3 ਵਾਰ ਕਿਹਾ,"ਧੰਨ ਸਿੱਖੀ, ਧੰਨ ਸਿੱਖੀ, ਧੰਨ ਸਿੱਖੀ।"

*************************

# ਧੀਰ ਮੱਲ ਦਾ ਹਮਲਾ

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਗਟ ਹੋਣ ਤੋਂ ਬਾਅਦ ਇਕ-ਦੋ ਦਿਨਾਂ ਵਿਚ ਹੀ ਕੁੱਝ ਕੱਚੇ-ਪਿੱਲੇ ਸੋਢੀ ਤਾਂ ਆਪਣੀਆਂ ਦੁਕਾਨਾਂ ਬੰਦ ਕਰਕੇ ਦੌੜ ਗਏ। ਸਾਰੀ ਸੰਗਤ ਉਹਨਾਂ ਦੇ ਸਥਾਨ ਤੇ ਜਾਣ ਲੱਗੀ। ਦੂਰ ਨੇੜਿਉਂ ਆਉਣ ਵਾਲੀਆਂ ਸੰਗਤਾਂ ਨੇ ਤੋਹਫ਼ਿਆਂ ਅਤੇ ਮਾਇਆ ਦੇ ਢੇਰ ਲਗਾ ਦਿੱਤੇ। ਧੀਰ ਮੱਲ ਇਹ ਸੱਭ ਕੁਝ ਦੇਖ ਕੇ ਅੰਦਰੋ ਅੰਦਰੀ ਸੜੀ ਜਾ ਰਿਹਾ ਸੀ। ਗੁਰ ਨਿੰਦਕਾਂ ਦੀ ਟੋਲੀ ਦਾ ਆਗੂ, ਉਸਦਾ ਸ਼ੀਹਾਂ ਨਾਮ ਦਾ ਮਸੰਦ ਸੀ, ਉਹ ਉਸਦੇ ਹਰ ਸਮੇਂ ਕੰਨ ਭਰਦਾ ਰਹਿੰਦਾ ਸੀ ਕਿ ਬਾਬਾ ਗੁਰਦਿੱਤਾ ਜੀ ਦੇ ਵੱਡੇ ਪੁੱਤਰ ਤੁਸੀਂ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਰਿਸ਼ਤੇ ਵਿਚ ਸਕੇ ਬਾਬੇ ਤੁਸੀਂ, ਗੁਰੂਆਂ ਦੀ ਬਾਣੀ ਦੀ ਬੀੜ ਤੁਹਾਡੇ ਕੋਲ ਹੈ, ਫਿਰ ਗੁਰਗੱਦੀ ਉਸ ਕੋਲ ਕਿਵੇਂ ਚਲੀ ਗਈ? ਉਹ ਇਹ ਨਹੀਂ ਸੀ ਜਾਣਦਾ ਕਿ 'ਬਾਬਾ' ਰਿਸ਼ਤੇ ਵਾਲਾ ਬਾਬਾ ਨਹੀਂ, ਸਗੋਂ ਇਹ 'ਬਾਬਾ ਨਾਨਕ' ਵਾਲਾ 'ਬਾਬਾ' ਕਹਿ ਕੇ ਗਏ ਹਨ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ। ਉਸ ਨੇ ਇਹ ਵੀ ਕਿਹਾ ਕਿ 4-5 ਦਿਨਾਂ ਵਿਚ ਹੀ ਗੁਰੂ ਤੇਗ਼ ਬਹਾਦਰ ਕੋਲ ਇਤਨੀ ਮਾਇਆ ਹੋ ਗਈ ਹੈ, ਜਿਤਨੀ ਤੁਹਾਡੇ ਕੋਲ ਕਈ ਸਾਲਾਂ ਵਿਚ ਵੀ ਨਹੀ ਹੋਣੀ। ਇਸ ਲਈ ਹੋਰ ਸੰਗਤ ਨੂੰ ਪਤਾ ਲੱਗਣ ਤੋਂ ਪਹਿਲਾਂ ਹੀ ਇਸ ਗੁਰੂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਕਿਸੇ ਕਿਸੇ ਵਿਦਵਾਨ ਨੇ ਇਹ ਵੀ ਲਿਖਿਆ ਹੈ ਕਿ ਇਕ ਵਾਰੀ ਧੀਰ ਮੱਲ ਨੇ ਇਹ ਕਿਹਾ ਸੀ ਕਿ ਜਾਨੋਂ ਮਾਰਨ ਤੋਂ ਬਿਨਾਂ ਜੋ ਮਰਜ਼ੀ ਕਰੋ। ਪਰ ਸ਼ੀਹਾਂ ਮਸੰਦ ਨੇ ਕਿਹਾ ਕਿ ਜਾਨ ਤੋਂ ਮਾਰਨ ਬਿਨਾਂ ਗੱਲ ਨਹੀਂ ਬਣਨੀ। ਬਾਰ ਬਾਰ ਕਹਿਣ ਤੇ ਧੀਰ ਮੱਲ ਨੇ ਵੀ ਸਹਿਮਤੀ ਦੇ ਦਿੱਤੀ। ਮਾਰਨ ਦੀ ਤਿਆਰੀ ਕਰ ਲਈ ਗਈ ਕੇਵਲ ਮੌਕੇ ਦੀ ਭਾਲ ਸੀ।

ਇਕ ਦਿਨ ਗੁਰੂ ਸਾਹਿਬ ਜੀ ਕੁੱਝ ਸੰਗਤ ਨੂੰ ਲੈ ਕੇ ਜੰਗਲ ਵੱਲ ਘੋੜਿਆਂ ਤੇ ਨਿਕਲੇ। ਧੀਰ ਮੱਲ ਦੇ ਸਾਥੀਆਂ ਨੇ ਇਹ ਠੀਕ ਸਮਾਂ ਸਮਝ ਕੇ ਬਕਾਲੇ ਦੇ ਬਾਹਰ ਦਰਖੱਤਾਂ ਦੇ ਪਿਛੇ ਬੰਦੂਕਾਂ ਲੈ ਕੇ ਛਪ ਕੇ ਬੈਠ ਗਏ। ਵਾਪਸੀ ਤੇ ਗੁਰੂ ਸਾਹਿਬ ਜੀ ਦਾ ਨਿਸ਼ਾਨਾ ਬਣਾ ਕੇ ਗੋ਼ਲੀਆਂ ਦੀ ਬੁਛਾੜ ਕਰ ਦਿੱਤੀ। "ਜਿਸ ਦਾ ਸਾਹਿਬ ਡਾਢਾ ਹੋਇ॥ ਤਿਸ ਨੂੰ ਮਾਰ ਨ ਸਾਕੈ ਕੋਇ॥" ਦੇ ਮਹਾਂ ਵਾਕ ਅਨੁਸਾਰ ਦੋਖੀਆਂ ਦੀਆਂ ਚਲਾਈਆਂ ਗੋਲੀਆਂ ਵਿਚੋਂ ਕੋਈ ਗੋਲੀ ਨਾ ਤਾਂ ਗੁਰੂ ਸਾਹਿਬ ਜੀ ਨੂੰ ਛੂਹ ਸਕੀ ਤੇ ਨਾ ਹੀ ਕਿਸੇ ਸਿੱਖ ਦਾ ਕੋਈ ਨੁਕਸਾਨ ਕਰ ਸਕੀ। ਇਸ ਹਮਲੇ ਤੋਂ ਬਾਅਦ ਵੀ ਗੁਰੂ ਸਾਹਿਬ ਜੀ ਅਡੋਲ ਸਨ- ਬਿਲਕੁਲ ਸ਼ਾਂਤ ਚਿੱਤ। ਗੁਰਸਿੱਖਾਂ ਨੂੰ ਵੀ ਸ਼ਾਂਤ ਰਹਿਣ ਲਈ ਕਹਿ ਕੇ ਗੁਰੂ ਸਾਹਿਬ ਜੀ ਛੱਤ ਤੇ ਆਰਾਮ ਕਰਨ ਚਲੇ ਗਏ। ਪਰ ਧੀਰ-ਮੱਲੀਏ ਤਾਂ ਅਸ਼ਾਂਤ ਸਨ। ਧੀਰ ਮੱਲ ਨੂੰ ਖ਼ਬਰ ਮਿਲ ਗਈ ਕਿ ਗੁਰੂ ਜੀ ਇਕੱਲੇ ਹੀ ਛੱਤ ਤੇ ਚੜੇ ਹੋਏ ਹਨ। ਉਹ 10-15 ਬੰਦੂਕਬਾਜ਼ਾਂ ਨੂੰ ਲੈ ਕੇ ਉਹਨਾਂ ਦੇ ਸਥਾਨ ਤੇ ਜਾ ਵੜਿਆ। ਮਸੰਦ ਸ਼ੀਹੇਂ ਨੇ ਨਾਲ ਦੀ ਛੱਤ ਤੇ ਚੜ੍ਹ ਕੇ ਗੁਰੂ ਸਾਹਿਬ ਜੀ ਦੇ ਮੱਥੇ ਦਾ ਨਿਸ਼ਾਨਾ ਬਣਾ ਕੇ ਗੋ਼ਲੀ ਚਲਾਈ ਜੋ ਗੁਰੂ ਸਾਹਿਬ ਜੀ ਦੇ ਮੱਥੇ ਨੂੰ ਛੂਹ ਕੇ ਨਿਕਲ ਗਈ। ਮੱਥਾ ਖ਼ੂਨ ਨਾਲ ਲੱਥ ਪੱਥ ਹੋ ਗਿਆ। ਧੀਰ ਮੱਲ ਵੀ ਕੋਠੇ ਜਾ ਚੜ੍ਹਿਆ- ਲੱਗਾ ਬੋਲ ਕੁਬੋਲ ਬੋਲਣ। ਏਨੇ ਨੂੰ ਮਾਤਾ ਜੀ ਵੀ ਉਥੇ ਆ ਗਏ। ਗੁਰੂ ਸਾਹਿਬ ਜੀ ਤਾਂ 'ਭੈਅ ਕਾਹੂੰ ਕੋ ਦੇਤ ਨਹਿ ਨਹਿ ਭੈਅ ਮਾਨਤ ਆਨ' ਦੇ ਆਪਣੇ ਬਚਨਾਂ ਅਨੁਸਾਰ ਸ਼ਾਂਤ ਖੜੋਤੇ ਸਨ ਪਰ ਮਾਤਾ ਜੀ ਨੇ ਅੱਗੇ ਆ ਕੇ ਧੀਰ ਮੱਲ ਨੂੰ ਤਾੜਨਾ ਕਰਦੇ ਹੋਏ

ਕਹਿਣਾ ਸ਼ੁਰੂ ਕੀਤਾ,"ਤੂੰ ਕੌਣ ਹੁੰਦਾ ਹੈਂ ਕਰਤਾਰਪੁਰ ਤੋਂ ਆ ਕੇ ਕੌੜੇ ਬੋਲ ਬੋਲਣ ਵਾਲਾ। ਤੇਰੇ ਕੋਲ ਸ਼ਕਤੀ ਸੀ ਤਾਂ ਉਥੇ ਹੀ ਸੰਗਤ ਬੁਲਾ ਲੈਂਦਾ। ਇਹ ਜੋ 'ਜ਼ੋਰ' ਦਿਖਾਉਣ ਲੱਗਿਆਂ ਹੈਂ - ਇਹੀ 'ਜ਼ਹਿਰ' ਬਣ ਕੇ ਤੈਨੂੰ ਲੈ ਬੈਠੇਗਾ।" ਮਾਤਾ ਨਾਨਕੀ ਜੀ ਨੇ ਅੱਗੇ ਵੱਧ ਕੇ ਗੁਰੂ ਸਾਹਿਬ ਜੀ ਦੇ ਚਿਹਰੇ ਤੋਂ ਆਪਣੇ ਪੱਲੇ ਨਾਲ ਖ਼ੂਨ ਸਾਫ਼ ਕੀਤਾ। ਜਿਤਨੀ ਦੇਰ ਇਹ ਉਪਰ ਰਹੇ ਉਤਨੀ ਦੇਰ ਨੂੰ ਇਸ ਦੇ ਸਾਥੀ ਹੇਠੋਂ ਭੇਟਾ ਦੀ ਸਾਰੀ ਮਾਇਆ ਅਤੇ ਸਮੱਗਰੀ ਤੇ ਹੋਰ ਕੀਮਤੀ ਵਸਤਾਂ ਚੁੱਕ ਕੇ ਲੈ ਗਏ।

ਕੁਝ ਸਿੱਖਾਂ ਨੇ ਸਾਰੀ ਵਿਥਿਆ ਮੱਖਣ ਸ਼ਾਹ ਨੂੰ ਸੁਣਾਈ। ਉਸਨੇ ਕਿਹਾ ਕਿ ਗੁਰੂ ਸਾਹਿਬ ਜੀ ਤਾਂ 'ਤਾਣ ਹੋਂਦੇ ਹੋਏ ਨਿਤਾਣਾ-ਮਾਣ ਹੋਂਦੇ ਹੋਏ ਨਿਮਾਣਾ' ਅਨੁਸਾਰ ਸ਼ਾਂਤ ਹੀ ਰਹਿਣਗੇ। ਸਾਨੂੰ ਹੀ ਉਸ ਨੂੰ ਸਬਕ ਸਿਖਾਉਣਾ ਪੈਣਾ ਹੈ। ਆਪਣੇ ਸਾਰੇ ਸਿਪਾਹੀ ਅਤੇ ਸੰਗਤ ਨੂੰ ਨਾਲ ਲੈ ਕੇ ਉਸਨੇ ਧੀਰ ਮੱਲ ਦੇ ਡੇਰੇ ਤੇ ਹੱਲਾ ਬੋਲ ਦਿੱਤਾ। ਭਾਈ ਮੱਖਣ ਸ਼ਾਹ ਜੀ ਦੇ ਸ਼ਸਤਰ ਧਾਰੀ ਘੋੜ ਸਵਾਰ ਸਿਪਾਹੀਆਂ ਨੂੰ ਦੇਖ ਕੇ ਉਹਨਾਂ ਨੇ ਹੱਥ ਖੜੇ ਕਰ ਦਿੱਤੇ। ਸ਼ੀਂਹੇ ਮਸੰਦ ਦੀਆਂ ਮੁਸ਼ਕਾਂ (ਹੱਥ-ਪੈਰ) ਬੰਨ ਲਈਆਂ। ਧੀਰ ਮੱਲ ਨੂੰ ਨੰਗੇ ਪੈਰੀ ਤੋਰ ਲਿਆ। ਸਾਰੇ ਲੁੱਟੇ ਹੋਏ ਸਮਾਨ ਨੂੰ ਧੀਰ ਮੱਲ ਦੇ ਬੰਦਿਆਂ ਦੇ ਸਿਰਾਂ ਤੇ ਹੀ ਲਦਵਾ ਕੇ ਗੁਰ ਦਰਬਾਰ ਵਿਚ ਲੈ ਗਏ। ਬਹੁਤ ਹੀ ਸਤਿਕਾਰ ਨਾਲ ਪੋਥੀ ਸਾਹਿਬ ਦੀ ਬੀੜ ਨੂੰ ਵੀ ਲੈ ਗਏ। ਜਦੋਂ ਉਹ ਗੁਰੂ ਸਾਹਿਬ ਜੀ ਕੋਲ ਪੁੱਜੇ, ਤਾਂ ਉਹਨਾਂ ਨੇ ਮੁਆਫ਼ੀ ਮੰਗੀ। ਗੁਰੂ ਸਾਹਿਬ ਜੀ ਨੇ ਕਿਹਾ,'ਇਹਨਾਂ ਨੇ ਇਹ ਕਾਰਾ ਲਾਲਚ ਤੇ ਈਰਖਾ ਵੱਸ ਕੀਤਾ ਹੈ, ਇਹਨਾਂ ਨੂੰ ਛੱਡ ਦਿਓ ਅਤੇ ਸਾਰਾ ਸਮਾਨ ਇਹਨਾਂ ਨੂੰ ਹੀ ਦੇ ਦਿਓ। ਇਹ ਸਮਾਨ ਹੀ ਇਹਨਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਾਉਂਦਾ ਰਹੇਗਾ।' ਭਾਈ ਮੱਖਣ ਸ਼ਾਹ ਨੇ ਕਿਹਾ,'ਗੁਰੂ ਸਾਹਿਬ ਜੀ ਇਹਨਾਂ ਨੇ ਆਪਜੀ ਤੇ ਗੋਲੀ ਚਲਾ ਕੇ ਘੋਰ ਅਪਰਾਧ ਕੀਤਾ ਹੈ, ਇਸ ਲਈ ਇਹਨਾਂ ਨੂੰ ਬਖਸ਼ਣਾ ਨਹੀਂ ਚਾਹੀਦਾ।' ਗੁਰੂ ਸਾਹਿਬ ਜੀ ਨੇ ਕਿਹਾ,"ਖਿਮਾ ਸੱਭ ਤੋਂ ਵੱਡਾ ਤਪ ਹੈ, ਖਿਮਾ ਧਰਮ ਦਾ ਗੁਣ ਵੀ ਹੈ ਅਤੇ ਦਾਨ ਵੀ। ਜਦੋਂ ਕਿ ਅਪਰਾਧੀ ਨੂੰ ਸਜ਼ਾ ਦੇਣਾ ਕ੍ਰੋਧ ਦਾ ਹੀ ਦੂਜਾ ਰੂਪ ਹੈ ਜੋ ਬਦਲੇ ਦੀ ਅੱਗ ਵਿਚੋਂ ਪੈਦਾ ਹੁੰਦਾ ਹੈ। ਦੂਜੀ ਗੱਲ- ਗੁਰੂ ਮਹਾਰਾਜ ਨੇ ਧੰਨ ਦੇ ਕਾਰਨ ਸਾਨੂੰ ਦੁਕਾਨ ਨਹੀਂ ਪਾਕੇ ਦਿੱਤੀ।" ਭਾਈ ਮੱਖਣ ਸ਼ਾਹ ਨੇ ਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ ਸੱਭ ਨੂੰ ਛੱਡ ਦਿੱਤਾ ਅਤੇ ਸਾਰਾ ਸਮਾਨ ਵੀ ਵਾਪਸ ਕਰ ਦਿਤਾ।

*************************

# ਮਾਈਆਂ ਰੱਬ ਰਜਾਈਆਂ-ਭਗਤੀ ਲਾਈਆਂ

ਗੁਰਗੱਦੀ ਉਪਰ ਬਿਰਾਜਮਾਨ ਹੋਣ ਉਪਰੰਤ ਗੁਰੂ ਸਾਹਿਬ ਜੀ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਏ। ਉਸ ਸਮੇਂ ਦਰਬਾਰ ਸਾਹਿਬ ਦਾ ਪ੍ਰਬੰਧ ਪ੍ਰਿਥੀ ਚੰਦ ਦੀ ਵੰਸ਼ ਕੋਲ ਸੀ। ਸੋਢੀ ਮਿਹਰਬਾਨ ਦਾ ਪੁੱਤਰ ਹਰਿ ਜੀ ਸੱਤਵੇਂ ਗੁਰੂ ਵਜੋਂ ਬਾਣੀ ਰੱਚ ਕੇ ਦਰਬਾਰ ਸਾਹਿਬ ਅੰਦਰ ਰਬਾਬੀਆਂ ਤੋਂ ਗਾਇਨ ਵੀ ਕਰਾਉਣ ਲੱਗ ਗਿਆ ਸੀ। ਜਦੋਂ ਉਹਨਾਂ ਨੂੰ ਗੁਰੂ ਤੇਗ ਬਹਾਦਰ ਜੀ ਦੇ ਅੰਮ੍ਰਿਤਸਰ ਵਿਚ ਆਉਣ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਮਸੰਦਾਂ ਨੂੰ ਕਹਿ ਕੇ ਦਰਬਾਰ ਸਾਹਿਬ ਦੇ ਦਰਵਾਜੇ ਬੰਦ ਕਰਵਾ ਦਿੱਤੇ। ਗੁਰੂ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਇਕ ਥੜੇ ਤੇ ਕੁਝ ਸਮਾਂ ਬੈਠ ਕੇ ਦੂਰੋਂ ਹੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ। ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਲਈ ਹਰਿ ਜੀ ਉਹਨਾਂ ਕੋਲ ਆਇਆ ਵੀ ਸੀ ਕਿ ਦਰਬਾਰ ਸਾਹਿਬ ਦੇ ਬੂਹੇ ਬੰਦ ਕਰਨ ਵਿਚ ਉਸ ਦਾ ਕੋਈ ਹੱਥ ਨਹੀਂ ਹੈ। ਉਥੇ ਗੁਰੂ ਸਾਹਿਬ ਜੀ ਨੇ ਜੋ ਬਚਨ ਕਹੇ, ਉਹ ਇਤਿਹਾਸ ਵਿਚ ਦਰਜ ਹਨ;

'ਨਹਿ ਮਸੰਦ ਤੁਮ ਅੰਮ੍ਰਿਤਸਰੀਏ।
ਤ੍ਰਿਸ਼ਨਾਗਨ ਤੇ ਅੰਤਰ ਸੜੀਏ।'

ਗੁਰੂ ਸਾਹਿਬ ਜੀ ਨੇ ਸਰੋਵਰ ਵਿਚ ਇਸ਼ਨਾਨ ਕਰਨ ਉਪਰੰਤ ਉਥੇ ਥੜੇ ਉਪਰ ਹੀ ਦੀਵਾਨ ਸਜਾ ਦਿੱਤਾ। ਦੀਵਾਨ ਉਪਰੰਤ ਭਾਈ ਮੱਖਣ ਸ਼ਾਹ ਨੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਜੀ ਆਗਿਆ ਦਿਓ ਤਾਂ ਇਹਨਾਂ ਨੂੰ ਵੀ ਸਬਕ ਸਿਖਾ ਦੇਈਏ। ਗੁਰੂ ਸਾਹਿਬ ਜੀ ਨੇ ਕਿਹਾ,'ਮੱਖਣ ਸ਼ਾਹ, ਇਹਨਾਂ ਨੂੰ ਲਾਲਚ ਦੀ ਅਗਨੀ ਸਤਾ ਰਹੀ ਹੈ ਜਿਸ ਕਾਰਨ ਕੋਈ ਗਿਆਨ ਜਾਂ ਕੋਈ ਜਪ-ਤਪ, ਜਾਂ ਕੋਈ ਹੋਰ ਸਬਕ ਇਹਨਾਂ ਦੇ ਨੇੜੇ ਨਹੀਂ ਜਾਣਾ।' ਇਹ ਕਹਿੰਦੇ ਹੋਏ ਗੁਰੂ ਸਾਹਿਬ ਜੀ ਉਥੋਂ ਵੱਲਾ ਪਿੰਡ ਵੱਲ ਚਲੇ ਗਏ। ਗੁਰੂ ਸਾਹਿਬ ਜੀ ਦੇ ਜਾਣ ਪਿਛੋਂ ਮਸੰਦਾਂ ਨੇ ਦਰਵਾਜ਼ੇ ਖੋਲ੍ਹ ਦਿੱਤੇ। ਭਾਈ ਮੱਖਣ ਸ਼ਾਹ ਅਤੇ ਬਾਕੀ ਸੰਗਤ ਨੇ ਦਰਸ਼ਨ ਕੀਤੇ। ਮੱਖਣ ਸ਼ਾਹ ਨੇ ਮਸੰਦਾਂ ਨੂੰ ਕਿਹਾ ਕਿ ਗੁਰੂ ਸਾਹਿਬ ਜੀ ਕਬਜ਼ਾ ਕਰਨ ਨਹੀਂ ਸਨ ਆਏ। ਤੁਸੀਂ ਅਜੇ ਵੀ ਮੌਕਾ ਸੰਭਾਲੋ ਤੇ ਗੁਰੂ ਸਾਹਿਬ ਜੀ ਤੋਂ ਮੁਆਫ਼ੀ ਮੰਗ ਲਓ। ਪਰ ਉਹਨਾਂ ਉਪਰ ਕੋਈ ਅਸਰ ਨਾ ਹੋਇਆ।

ਗੁਰੂ ਸਾਹਿਬ ਜੀ ਵੱਲਾ ਪਿੰਡ ਵਿਚ ਇਕ ਪਿੱਪਲ ਦੇ ਦਰਖ਼ਤ ਹੇਠਾਂ ਜਾ ਬਿਰਾਜੇ। ਉਥੋਂ ਇਕ ਮਾਈ ਜਿਸ ਦਾ ਨਾਮ 'ਹਰਿਆਂ' ਸੀ, ਗੁਰੂ ਘਰ ਦੀ ਬਹੁਤ ਸ਼ਰਧਾਲੂ ਸੀ, ਆਪਣੇ ਘਰ ਲੈ ਗਈ। ਮਾਈ ਹਰਿਆਂ ਨੇ ਗੁਰੂ ਸਾਹਿਬ ਜੀ ਦੀ ਬਹੁਤ ਸੇਵਾ ਕੀਤੀ। ਪਿੰਡ ਦੀ ਹੋਰ ਵੀ ਸੰਗਤ ਆ ਜੁੜੀ। ਜੋ ਵੀ ਆਉਂਦਾ, ਕੁਝ ਨਾ ਕੁਝ ਭੇਟ ਕਰਦਾ। ਗੁਰੂ ਸਾਹਿਬ ਜੀ ਨੇ ਖੁਸ਼ ਹੋ ਕੇ ਪਿੰਡ ਨੂੰ ਵਰ ਦਿੱਤਾ,"ਵੱਲਾ- ਗੁਰੂ ਕਾ ਗੱਲਾ" ਇਤਨੇ ਚਿਰ ਨੂੰ ਭਾਈ ਮੱਖਣ ਸ਼ਾਹ ਦੇ ਨਾਲ ਅੰਮ੍ਰਿਤਸਰ ਦੀਆਂ ਕੁੱਝ ਮਾਈਆਂ ਪੁੱਜ ਗਈਆਂ। ਉਹਨਾਂ ਨੇ ਮਸੰਦਾਂ ਵੱਲੋਂ ਕੀਤੀ ਗਈ ਭੁੱਲ ਦੀ ਮੁਆਫ਼ੀ ਮੰਗੀ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਆਸ਼ੀਰਵਾਦ ਬਖਸ਼ੀ: ਮਾਈਆਂ ਰੱਬ ਰਜਾਈਆਂ-ਭਗਤੀ ਲਾਈਆਂ।' ਤਿੰਨ ਦਿਨ ਗੁਰੂ ਸਾਹਿਬ ਜੀ ਨੇ ਵੱਲਾ ਪਿੰਡ ਵਿਚ ਟਿਕਾਣਾ ਕੀਤਾ।

************************

# ਇਕ ਬਚਨ ਭਵਿੱਖਤ ਕੀਤਾ

ਵੱਲਾ ਪਿੰਡ ਤੋਂ ਗੁਰੂ ਸਾਹਿਬ ਜੀ ਨੇ ਪਹਿਲਾ ਪ੍ਰਚਾਰ ਦੌਰਾ ਆਰੰਭ ਕੀਤਾ। ਉਹ ਹਰ ਉਸ ਅਸਥਾਨ ਗਏ, ਜਿਹਨਾਂ ਦਾ ਵੱਡੇ ਗੁਰੂ ਸਾਹਿਬਾਨ ਨਾਲ ਸਬੰਧ ਸੀ। ਸਾਰੇ ਸ਼ਰਧਾਲੂ ਸਿੱਖਾਂ ਨੂੰ ਮਿਲਦੇ। ਤਰਨ ਤਾਰਨ ਸਾਹਿਬ ਪਹੁੰਚ ਕੇ ਕੋੜ੍ਹੀਆਂ ਦੇ ਸਥਾਨ ਤੇ ਜਾ ਕੇ ਹੱਥੀਂ ਸੇਵਾ ਕੀਤੀ। ਮਾਤਾ ਭਾਨੀ ਜੀ ਦੇ ਖੂਹ ਦੇ ਵੀ ਦਰਸ਼ਨ ਕੀਤੇ। ਉਥੋਂ ਖ਼ਡੂਰ ਸਾਹਿਬ ਜਾ ਕੇ ਦੀਵਾਨ ਸਜਾਏ। ਗੋਇੰਦਵਾਲ ਸਾਹਿਬ ਤੋਂ ਗੁਰੂ ਅਮਰ ਦਾਸ ਜੀ ਦੀ ਵੰਸ਼ ਵਿਚੋਂ ਬਾਬਾ ਦਵਾਰਕਾ ਦਾਸ ਜੀ ਆਪ ਆ ਕੇ ਉਹਨਾਂ ਨੂੰ ਗੋਇੰਦਵਾਲ ਲੈ ਕੇ ਗਏ। ਇਥੇ ਕਈ ਦਿਨ ਦੀਵਾਨ ਸਜਦੇ ਰਹੇ। ਸੰਗਤਾਂ ਤਾਂ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਉਮੜ ਪਈਆਂ। ਇਥੋਂ ਗੁਰੂ ਸਾਹਿਬ ਜੀ ਨੇੜੇ ਨੇੜੇ ਦੇ ਅਸਥਾਨਾਂ ਤੇ ਜਾਂਦੇ ਰਹੇ। ਗੁਰੂ ਨਾਨਕ ਸਾਹਿਬ ਜੀ ਦੇ ਚੋਲ਼ੇ ਦੇ ਦਰਸ਼ਨ ਕਰਨ ਗਏ, ਇਹ ਚੋਲ਼ਾ ਗੁਰੂ ਸਾਹਿਬ ਜੀ ਨੇ ਮੱਕੇ ਦੀ ਯਾਤਰਾ ਸਮੇਂ ਪਹਿਨਿਆ ਸੀ। ਗੋਇੰਦਵਾਲ ਸਾਹਿਬ ਵਿਚ ਸਜੇ ਦੀਵਾਨਾਂ ਵਿਚ ਹੀ ਭਾਈ ਮੂਲ ਚੰਦ ਜੀ (ਮੂਲਾ ਖੱਤਰੀ) ਦਾ ਪੁੱਤਰ ਰਘੁਪਤਿ ਰਾਏ ਗੁਰੂ ਸਾਹਿਬ ਜੀ ਨੂੰ ਮਿਲਣ ਆਇਆ ਅਤੇ ਬੇਨਤੀ ਕਰਕੇ ਆਪਣੇ ਨਗਰ ਖੇਮਕਰਨ ਲੈ ਗਿਆ। ਉਥੇ ਸਿੱਖਾਂ ਨੇ ਬਹੁਤ ਸ਼ਰਧਾ ਨਾਲ ਗੁਰੂ ਸਾਹਿਬ ਜੀ ਦੀ ਸੇਵਾ ਕੀਤੀ। ਗੁਰੂ ਸਾਹਿਬ ਜੀ ਇਥੇ 15 ਦਿਨ ਬਿਰਾਜੇ, ਰੋਜ਼ ਦੀਵਾਨ ਸਜਾਉਂਦੇ ਅਤੇ ਸੰਗਤਾਂ ਨੂੰ ਉਪਦੇਸ਼ ਬਖਸ਼ਦੇ। ਇਥੋਂ ਦੇ ਇਕ ਸਿੱਖ ਭਾਈ ਰਤਨ ਚੰਦ ਧਿਙਾਣਾ ਜੀ ਦੀ ਸ਼ਰਧਾ ਇਤਨੀ ਸੀ ਕਿ ਉਸਨੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਜੀ, ਮੇਰੇ ਤੇ ਇਤਨੀ ਕਿਰਪਾ ਕਰ ਦੇਵੋ ਕਿ ਜਿਸ ਦਿਨ ਆਪ ਜੀ ਜੋਤੀ ਜੋਤ ਸਮਾਓ, ਉਹ ਦਿਨ ਮੇਰੀ ਜ਼ਿੰਦਗੀ ਦਾ ਵੀ ਆਖ਼ਰੀ ਦਿਨ ਹੋਵੇ। ਇਸੇ ਹੀ ਤਰ੍ਹਾਂ ਹੋਇਆ! ਜਿਸ ਦਿਨ ਗੁਰੂ ਸਾਹਿਬ ਜੀ ਨੂੰ ਦਿੱਲੀ ਸ਼ਹੀਦ ਕੀਤਾ ਗਿਆ, ਉਸੇ ਦਿਨ ਉਹ ਇਕ ਚਾਦਰ ਓੜ ਕੇ ਲੇਟ ਗਏ ਅਤੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਗੁਰੂ ਸਾਹਿਬ ਜੀ ਖੇਮਕਰਨ ਤੋਂ ਵਾਪਸ ਗੋਇੰਦਵਾਲ ਸਾਹਿਬ ਆ ਗਏ। ਕੁਝ ਦਿਨ ਰੁਕ ਕੇ ਬਿਆਸ ਦਰਿਆ ਪਾਰ ਕਰਕੇ ਸੁਲਤਾਨਪੁਰ ਪਹੁੰਚੇ। ਇਥੇ ਗੁਰੂ ਨਾਨਕ ਸਾਹਿਬ ਜੀ ਨਾਲ ਸਬੰਧਿਤ ਸਾਰੀਆਂ ਥਾਵਾਂ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਉਥੋਂ ਮਾਲਵੇ ਦੀ ਫ਼ੇਰੀ ਦੌਰਾਨ ਲੱਖੀ ਜੰਗਲ ਦੇ ਇਲਾਕੇ ਦੀਆਂ ਸੰਗਤਾਂ ਨੂੰ 'ਜੀਅ ਦਾਨ' ਬਖਸ਼ ਕੇ 'ਭਗਤੀ' ਨਾਲ ਜੋੜਦੇ ਹੋਏ ਤਲਵੰਡੀ ਸਾਬੋ ਜਾ ਡੇਰਾ ਕੀਤਾ। ਇਥੇ ਆਪ ਜੀ ਇਕ ਟਿੱਬੇ ਹੇਠਾਂ ਬਿਰਾਜੇ ਸਨ। ਇਕ ਸਿੱਖ ਨੇ ਬੇਨਤੀ ਕੀਤੀ,'ਗੁਰੂ ਸਾਹਿਬ ਜੀ, ਆਪਜੀ ਨੀਵੀਂ ਥਾਂ ਤੇ ਆ ਕੇ ਬਿਰਾਜਮਾਨ ਹੋਏ ਹੋ, ਕਿਰਪਾ ਕਰੋ ਉੱਚੀ ਥਾਵੇਂ ਡੇਰਾ ਕਰੋ'। ਗੁਰੂ ਸਾਹਿਬ ਜੀ ਨੇ ਬਚਨ ਕੀਤੇ,"ਤੁਸੀਂ ਵੇਖੋਗੇ- ਇਕ ਦਿਨ ਉੱਚੇ ਥਾਂ ਤੇ ਡੇਰਾ ਕਰਨ ਵਾਲਾ ਵੀ ਆਵੇਗਾ। ਇਹ ਅਸਥਾਨ ਬਹੁਤ ਭਾਰਾ ਅਸਥਾਨ ਹੋਵੇਗਾ। ਸੁਨਿਹਰੀ ਕਲਸ਼ਾਂ ਵਾਲੇ ਉੱਚੇ ਸੁੰਦਰ ਮੰਦਰ ਬਣਨਗੇ। ਇਹ ਥਾਂ ਵਿਦਵਾਨਾਂ ਦੀ ਪਾਠਸ਼ਾਲਾ 'ਗੁਰੂ ਕੀ ਕਾਸ਼ੀ' ਬਣੇਗੀ।" ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਹ ਬਚਨ 'ਦਸ਼ਮੇਸ਼ ਪਿਤਾ ਜੀ' ਦੇ ਸਮੇਂ ਸੱਚ ਸਾਬਤ ਹੋਏ।

************************

## ਮਾਖੋਵਾਲ ਸੁਹਾਵਣਾ ਗੁਰ ਸਤਿਗੁਰ ਕੋ ਅਸਥਾਨ

ਤਲਵੰਡੀ ਸਾਬੋ ਦੀ ਧਰਤੀ ਤੇ 15 ਦਿਨ ਟਿਕਾਣਾ ਕੀਤਾ। ਇਥੋਂ ਮਾਲਵੇ ਦੇ ਕਈ ਪਿੰਡਾਂ ਤੇ ਨਗਰਾਂ ਵਿਚ ਲੋਕਾਈ ਨੂੰ ਤਾਰਦੇ, ਗੁਰਮਤਿ ਪ੍ਰਚਾਰਦੇ ਅਤੇ ਤਪਤ ਹਿਰਦੇ ਠਾਰਦੇ ਹੋਏ ਗੁਰੂ ਸਾਹਿਬ ਜੀ ਧਮਤਾਨ (ਜੀਂਦ) ਪਹੁੰਚ ਗਏ। ਇਥੇ ਗੁਰੂ ਸਾਹਿਬ ਜੀ ਵੈਸਾਖੀ ਮਨਾ ਕੇ ਖਟਕੜ, ਘੁੜਾਮ ਅਤੇ ਲਖਨੌਰ ਆਦਿ ਪਿੰਡਾਂ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦਿੰਦੇ ਅਤੇ ਸਿੱਖੀ ਨਾਲ ਜੋੜਦੇ ਹੋਏ ਕੀਰਤਪੁਰ ਪਹੁੰਚ ਗਏ। ਇਥੇ ਬਾਬਾ ਸੂਰਜ ਮੱਲ ਜੀ ਦੇ ਸਪੁੱਤਰਾਂ ਨੇ ਉਹਨਾਂ ਦਾ ਸਵਾਗਤ ਕੀਤਾ ਅਤੇ ਬਹੁਤ ਆਦਰ ਸਤਿਕਾਰ ਦਿੱਤਾ।

ਗੁਰੂ ਸਾਹਿਬ ਜੀ ਇਥੇ ਦੀਵਾਨ ਸਜਾਉਂਦੇ ਅਤੇ ਸੰਗਤ ਨਾਲ ਬਚਨ ਵੀ ਕਰਦੇ। ਨਾਲ ਨਾਲ ਉਹ ਇਹਨਾਂ ਸੁਹਾਵਣੀਆਂ ਵਾਦੀਆਂ ਵਿਚ ਇਕ ਅਜਿਹਾ ਟਿਕਾਣਾ ਬਣਾਉਣ ਬਾਰੇ ਵੀ ਸੋਚ ਰਹੇ ਸਨ, ਜਿਥੋਂ ਉਹ ਪੰਥ ਪੈਦਾ ਹੋਣਾ ਸੀ, ਜਿਸ ਬਾਰੇ ਗੁਰੂ ਨਾਨਕ ਸਾਹਿਬ ਜੀ ਨੇ 'ਨਾ ਹਮ ਹਿੰਦੂ ਨਾ ਮੁਸਲਮਾਨ' ਦਾ ਸੰਦੇਸ਼ ਦਿੱਤਾ ਸੀ। ਇਸ ਲਈ ਉਹ ਐਸੀ ਜਗ੍ਹਾ ਦੀ ਭਾਲ ਵਿਚ ਮੁੱਖੀ ਸਿੱਖਾਂ ਨੂੰ ਨਾਲ ਲੈ ਕੇ ਆਸ ਪਾਸ ਦੀਆਂ ਪਹਾੜੀਆਂ ਵੱਲ ਚਲੇ ਜਾਂਦੇ। ਗੁਰੂ ਸਾਹਿਬ ਜੀ ਦੇ ਕੀਰਤਪੁਰ ਨਿਵਾਸ ਦੌਰਾਨ ਕਹਿਲੂਰ ਰਿਆਸਤ ਦਾ ਰਾਜਾ ਦੀਪ ਚੰਦ ਚੜ੍ਹਾਈ ਕਰ ਗਿਆ ਸੀ। ਬਿਲਾਸਪੁਰ ਇਹਨਾਂ ਦੀ ਰਾਜਧਾਨੀ ਸੀ। ਇਹ ਰਾਜਾ ਤਾਰਾ ਚੰਦ ਦਾ ਬੇਟਾ ਸੀ, ਜਿਸ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲੇ ਵਿਚੋਂ ਰਿਹਾ ਕਰਵਾਇਆ ਸੀ। ਜਦੋਂ ਰਾਜਾ ਦੀਪ ਚੰਦ ਦੀ ਰਾਣੀ ਚੰਪਾ ਬਾਈ ਨੂੰ ਇਹ ਪਤਾ ਲੱਗਿਆ ਕਿ ਗੁਰੂ ਸਾਹਿਬ ਜੀ ਕੀਰਤਪੁਰ ਆਏ ਹੋਏ ਹਨ ਤਾਂ ਉਸ ਨੇ ਆਪਣੇ ਪਤੀ ਦੀ ਰਸਮ ਕਿਰਿਆ ਤੇ ਪਹੁੰਚਣ ਲਈ ਸੁਨੇਹਾ ਭੇਜ ਕੇ ਬੇਨਤੀ ਕੀਤੀ। ਉਹ ਗੁਰੂ ਘਰ ਦੀ ਬਹੁਤ ਸ਼ਰਧਾਲੂ ਸੀ। ਕਿਰਿਆ ਵਾਲੇ ਦਿਨ ਗੁਰੂ ਸਾਹਿਬ ਜੀ ਆਪਣੇ ਮਾਤਾ ਨਾਨਕੀ ਜੀ, ਦੀਵਾਨ ਦਰਗਾਹ ਮੱਲ ਅਤੇ ਕੁਝ ਹੋਰ ਸਿੱਖਾਂ ਲੈ ਕੇ ਗਏ। ਭੋਗ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਰਾਣੀ ਚੰਪਾ ਬਾਈ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਉਹ ਕੀਰਤਪੁਰ ਦੇ ਉਪਰਲੇ ਪਾਸੇ ਇਕ ਨਵੇਂ ਨਗਰ ਦੀ ਉਸਾਰੀ ਕਰਵਾਉਣਾ ਚਾਹੁੰਦੇ ਹਨ, ਇਸ ਲਈ ਕਹਿਲੂਰ ਦੇ ਇਲਾਕੇ ਵਿਚ ਕੋਈ ਜਗ੍ਹਾ ਖਰੀਦਣ ਦੀ ਇੱਛਾ ਹੈ।

ਰਾਣੀ ਨੇ ਆਪਣੇ ਵਜ਼ੀਰਾਂ ਨਾਲ ਸਲਾਹ ਕਰਕੇ ਮਾਖੋਵਾਲ ਦਾ ਇਲਾਕਾ ਭੇਟ ਵਜੋਂ ਸਵੀਕਾਰ ਕਰਨ ਦੀ ਬੇਨਤੀ ਕੀਤੀ। ਗੁਰੂ ਸਾਹਿਬ ਜੀ ਨੇ ਆਦਰ ਨਾਲ ਜ਼ਮੀਨ ਭੇਟਾ ਵਜੋਂ ਲੈਣ ਤੋਂ ਨਾਂਹ ਕਰ ਦਿੱਤੀ। ਉਹਨਾਂ ਨੇ 500/- ਰੁਪਏ ਵਿਚ ਮਾਖੋਵਾਲ ਦੀ ਜ਼ਮੀਨ ਦਾ ਪਟਾ ਆਪਣੇ ਨਾਮ ਲਿਖਵਾ ਲਿਆ। ਦੀਵਾਨ ਦਰਗਾਹ ਮੱਲ ਜੀ ਨੂੰ ਵਡਿਆਈ ਬਖਸ਼ੀ ਕਿ ਉਹ ਉਸ ਥਾਂ ਦੀ ਚੋਣ ਕਰ ਲੈਣ ਜਿਸ ਥਾਂ ਤੇ ਨਵੇਂ ਨਗਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਜਾਣਾ ਹੈ। ਨਜ਼ਰਾਂ ਤਾਂ ਗੁਰੂ ਸਾਹਿਬ ਜੀ ਨੇ ਆਪ ਬਖਸ਼ਣੀਆਂ ਸਨ। 3-4 ਦਿਨਾਂ ਵਿਚ ਕੁੱਝ ਗੁਰਸਿੱਖਾਂ ਨੂੰ ਨਾਲ ਲੈ ਕੇ ਉਹਨਾਂ ਨੇ ਮਾਖੋਵਾਲ ਦੇ ਸਾਰੇ ਇਲਾਕੇ ਦਾ ਪੂਰੀ ਤਰ੍ਹਾਂ ਨਿਰੀਖਣ ਕਰ ਲਿਆ। ਆਪਣੇ ਵੱਲੋਂ ਕੀਤੀ ਥਾਂ ਦੀ ਚੋਣ ਬਾਰੇ ਉਹਨਾਂ ਨੇ ਗੁਰੂ ਸਾਹਿਬ ਜੀ ਨੂੰ ਦੱਸਿਆ। ਮਾਤਾ ਨਾਨਕੀ ਜੀ, ਦੀਵਾਨ ਦਰਗਾਹ ਮੱਲ ਅਤੇ ਕੁੱਝ ਗੁਰਸਿੱਖਾਂ ਨੂੰ ਨਾਲ ਲੈ ਕੇ ਗੁਰੂ ਸਾਹਿਬ ਜੀ ਉਹ ਜਗ੍ਹਾ ਵੇਖਣ ਗਏ ਜਿਥੇ ਨਗਰ ਵਸਾਇਆ ਜਾਣਾ ਸੀ। ਗੁਰਸਿੱਖਾਂ ਨੂੰ ਵਡਿਆਈਆਂ ਬਖਸ਼ਣ ਹਾਰੇ ਸਤਿਗੁਰੂ ਜੀ ਨੇ ਉਹਨਾਂ ਵੱਲੋਂ ਕੀਤੀ ਚੋਣ ਨੂੰ ਪ੍ਰਵਾਨਗੀ ਦੇ ਦਿੱਤੀ। ਨਵੇਂ ਨਗਰ ਦੀ ਨੀਹ ਰੱਖਣ (ਮੋੜ੍ਹੀ ਗੱਡਣ) ਦੀ ਰਸਮ ਲਈ 19 ਜੂਨ, 1665 ਈਸਵੀ ਦਾ ਦਿਨ ਨਿਸ਼ਚਿਤ ਕੀਤਾ ਗਿਆ। ਵਿਕ੍ਰਮੀ ਸੰਮਤ ਅਨੁਸਾਰ ਇਸ ਦਿਨ 21 ਹਾੜ 1722 ਦਾ ਦਿਨ ਸੀ।

ਸਾਰੀ ਸੰਗਤ ਨੂੰ ਹਾਜ਼ਰ ਹੋਣ ਲਈ ਸੁਨੇਹੇ ਭੇਜ ਦਿੱਤੇ ਗਏ। ਬਾਬਾ ਬੁੱਢਾ ਜੀ ਦੀ ਵੰਸ਼ ਵਿਚੋਂ ਭਾਈ ਭਾਨਾ ਜੀ ਦੇ ਪੋਤਰੇ ਭਾਈ ਗੁਰਦਿੱਤਾ ਜੀ ਨੂੰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਣ ਦੀ ਬੇਨਤੀ ਕੀਤੀ ਗਈ। ਨਿਸ਼ਚਿਤ ਕੀਤੇ ਦਿਨ ਤੋਂ ਪਹਿਲਾਂ ਹੀ ਸੰਗਤ ਕੀਰਤਪੁਰ ਸਾਹਿਬ ਪਹੁੰਚ ਗਈ। ਨਵੇਂ ਨਗਰ ਦੀ ਮੋੜ੍ਹੀ ਮਾਖੋਵਾਲ ਦੇ ਪੁਰਾਣੇ ਥੇਹ ਉਪਰ ਸਰੋਟੇ ਪਿੰਡ ਦੀ ਜ਼ਮੀਨ ਵਿਚ ਗੱਡੀ ਜਾਣੀ ਸੀ। ਉਸ ਦੇ ਨੇੜੇ ਤੰਬੂ ਲਗਾ ਕੇ ਦੀਵਾਨ ਸਜਾਏ ਗਏ। ਦੀਵਾਨ ਦੀ ਸਮਾਪਤੀ ਤੇ ਭਾਈ ਗੁਰਦਿੱਤਾ ਜੀ ਨੇ ਅਰਦਾਸ ਕੀਤੀ। ਪਹਿਲੇ ਛੇ ਗੁਰੂ ਸਾਹਿਬਾਨ ਜੀ ਵੱਲੋਂ ਬਾਬਾ ਬੁੱਢਾ ਜੀ ਨੂੰ ਦਿੱਤੇ ਅਦਬ ਸਤਿਕਾਰ ਨੂੰ ਕਾਇਮ ਰੱਖਦੇ ਹੋਏ ਭਾਈ ਗੁਰਦਿੱਤਾ ਜੀ ਤੋਂ ਮੋੜ੍ਹੀ ਗਡਾਉਣ (ਨੀਂਹ ਰੱਖਣ) ਦੀ ਰਸਮ ਪੂਰੀ ਕਰਵਾਈ। ਇਸ ਨਵੇਂ ਨਗਰ ਦਾ ਨਾਮ 'ਚੱਕ ਨਾਨਕੀ' ਰੱਖਿਆ ਗਿਆ। ਨਗਰ ਦੀ ਉਸਾਰੀ ਲਈ ਸਿਆਣੇ ਕਾਰੀਗਰ ਬੁਲਾਏ ਗਏ। ਉਹਨਾਂ ਨੂੰ ਨਕਸ਼ਾ ਗੁਰੂ ਸਾਹਿਬ ਜੀ ਨੇ ਆਪ ਸਮਝਾਇਆ। ਗੁਰਸਿੱਖਾਂ ਲਈ ਘਰ ਬਣਾਉਣ ਲਈ ਅਲੱਗ ਥਾਂ ਰੱਖੀ ਗਈ। ਵਪਾਰੀਆਂ ਦੀ ਬੇਨਤੀ ਤੇ ਬਜ਼ਾਰ ਲਈ ਵੀ ਵਿਉਂਤ ਬਣਾਈ ਗਈ। ਰੰਗ ਰੋਗਨ ਲਈ ਚਿੱਤਰਕਾਰ ਬੁਲਾਏ ਗਏ। ਆਖ਼ਿਰ ਇਕ ਅਨੂਪਮ ਨਗਰ ਤਿਆਰ ਹੋਣਾ ਹੈ ਜਿਥੇ 'ਅਕਾਲ ਪੁਰਖ' ਦੀ ਆਗਿਆ ਨਾਲ ਇਕ ਪੰਥ' ਚਲਾਇਆ ਜਾਣਾ ਹੈ।

ਇਕ ਸਮਾਂ ਸੀ ਜਦੋਂ 'ਮਾਖੋ' ਨਾਂ ਦੇ ਦੈਂਤ ਰੂਪੀ ਡਾਕੂ ਤੋਂ ਡਰਦਾ ਕੋਈ ਮਾਖੋਵਾਲ ਵਿਚ ਟਿਕਦਾ ਨਹੀਂ ਸੀ ਤੇ ਇਕ ਸਮਾਂ ਹੈ ਕਿ ਗੁਰੂ ਸਾਹਿਬ ਦੇ 'ਚਰਨ-ਸਪਰਸ਼' ਨਾਲ ਪਵਿਤਰ ਹੋਈ ਧਰਤੀ ਤੇ ਲੋਕ ਜਗ੍ਹਾ ਲੈਣ ਲਈ ਬੇਨਤੀਆਂ ਕਰ ਰਹੇ ਹਨ। ਗੁਰੂ ਸਾਹਿਬ ਜੀ ਨਗਰ ਉਸਾਰੀ ਦਾ ਕੰਮ ਬਾਬਾ ਬੁੱਢਾ ਜੀ ਦੀ ਵੰਸ਼ ਵਿਚੋ ਭਾਈ ਝੰਡਾ ਜੀ ਨੂੰ ਸੌਂਪ ਕੇ ਆਪ ਪ੍ਰਚਾਰ ਯਾਤਰਾ ਲਈ ਚਲੇ ਗਏ।

************************

## 'ਮੁਰਿ ਪਿਤੁ ਪੂਰਬ ਕਿਯਸਿ ਪਿਯਾਨਾ॥ '

ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਆਤਮ ਕਥਾ 'ਬਚਿੱਤਰ ਨਾਟਕ' ਵਿਚ ਇਹ ਬਚਨ ਲਿਖੇ ਹਨ,"ਮੁਰਿ ਪਿਤੁ ਪੂਰਬ ਕੀਯਸਿ ਪਿਯਾਨਾ॥ ਭਾਂਤਿ ਭਾਂਤਿ ਕੇ ਤੀਰਥਿ ਨ੍ਹਾਨਾ॥ " ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਪ੍ਰਚਾਰ ਯਾਤਰਾਵਾਂ ਬਾਰੇ ਕੁਝ ਵਿਦਵਾਨਾਂ ਦੀ ਖੋਜ ਦੇ ਆਧਾਰ ਤੇ ਸੱਭ ਨੇ ਇਹ ਮੰਨਿਆ ਹੈ ਕਿ ਗੁਰੂ ਨਾਨਕ ਸਾਹਿਬ ਜੀ ਤੋਂ ਬਾਅਦ ਇਹ ਨੌਂਵੀਂ ਜੋਤ ਹੀ ਸੀ, ਜਿਹਨਾਂ ਨੇ ਬਹੁਤ ਲੰਮੇਰੀ ਯਾਤਰਾ ਕਰਕੇ ਸਿੱਖੀ ਨੂੰ ਪ੍ਰਫੁਲਤ ਕੀਤਾ। ਇਹਨਾਂ ਦੀਆਂ ਖੋਜਾਂ ਤੋਂ ਇਹ ਵੀ ਪਤਾ ਲੱਗਿਆ ਕਿ ਗੁਰੂ ਤੇਗ ਬਹਾਦਰ ਜੀ ਉਹਨਾਂ ਸਾਰੇ ਤੀਰਥਾਂ ਤੇ ਗਏ, ਜਿਥੇ ਜਿਥੇ ਜਾ ਕੇ ਗੁਰੂ ਨਾਨਕ ਸਾਹਿਬ ਜੀ ਨੇ ਭੁੱਲੀ ਲੋਕਾਈ ਨੂੰ ਸਿੱਧੇ ਰਸਤੇ ਪਾਇਆ। ਇਕ ਵਿਦਵਾਨ ਨੇ ਇਹਨਾਂ ਯਾਤਰਾਵਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ,'ਗੁਰੂ ਨਾਨਕ ਸਾਹਿਬ ਜੀ ਨੇ ਸਿੱਖੀ ਦਾ ਜੋ ਬੂਟਾ ਸੰਸਾਰ ਭਰ ਵਿਚ ਲਗਾਇਆ, ਉਸ ਨੂੰ ਸਿੰਜਣ ਸਵਾਰਨ ਦਾ ਜ਼ਿੰਮਾਂ ਗੁਰੂ ਤੇਗ ਬਹਾਦਰ ਜੀ ਨੇ ਚੁੱਕਿਆ। ਫ਼ਰਕ ਸਿਰਫ਼ ਇਹ ਸੀ ਕਿ ਗੁਰੂ ਨਾਨਕ ਸਾਹਿਬ ਜੀ ਨਾਲ ਕੇਵਲ ਬਾਲਾ ਜੀ ਤੇ ਮਰਦਾਨਾ ਜੀ ਸਨ ਪਰ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਉਹਨਾਂ ਦੇ ਸਿੱਖਾਂ ਤੋਂ ਇਲਾਵਾ ਪਰਿਵਾਰ ਵੀ ਸੀ। '

'ਚੱਕ ਨਾਨਕੀ' ਜੀ ਦੀ ਉਸਾਰੀ ਦਾ ਕੰਮ ਭਾਈ ਝੰਡਾ ਜੀ ਦੀ ਅਗਵਾਈ ਵਿਚ ਸਿੱਖਾਂ ਨੂੰ ਸੌਂਪ ਕੇ ਅਤੇ ਸੱਭ ਨੂੰ ਜ਼ਿਮੇਂਵਾਰੀਆਂ ਸੰਭਾਲ ਕੇ ਗੁਰੂ ਸਾਹਿਬ ਜੀ ਨੇ ਪੂਰਬ ਦੇਸ਼ ਦਾ ਦੌਰਾ ਕਰਨ ਦਾ ਵਿਚਾਰ ਬਣਾਇਆ। ਕਹਿਲੂਰ ਦੀ ਰਾਣੀ ਵੀ ਯਾਤਰਾ ਬਾਰੇ ਸੁਣਕੇ ਗੁਰੂ ਸਾਹਿਬ ਜੀ ਨੂੰ ਮਿਲਣ ਆਈ ਅਤੇ ਉਹਨਾਂ ਤੋਂ ਸੇਵਾ ਪੁੱਛੀ। ਉਹਨਾਂ ਨੇ ਰਾਣੀ ਨੂੰ ਪਿਛੋਂ ਨਗਰ ਦਾ ਖਿਆਲ ਰੱਖਣ ਅਤੇ ਗੁਰ ਸਿੱਖਾਂ ਦੀ ਦੇਖ ਰੇਖ ਦਾ ਜ਼ਿੰਮਾ ਸੌਂਪਿਆ।

ਮਾਤਾ ਨਾਨਕੀ ਜੀ,ਉਹਨਾਂ ਦੇ ਮਹਿਲ ਮਾਤਾ ਗੁਜਰੀ ਜੀ, ਭਾਈ ਕਿਰਪਾਲ ਚੰਦ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਹੋਰ ਗੁਰ ਸਿੱਖਾਂ ਨੇ ਵੀ ਨਾਲ ਤਿਆਰੀ ਕਰ ਲਈ। ਦੋਵੇਂ ਮਾਤਾਵਾਂ ਲਈ ਰੱਥ ਤਿਆਰ ਕਰਵਾਏ ਗਏ। ਚੱਕ ਨਾਨਕੀ ਜੀ ਤੋਂ ਗੁਰੂ ਸਾਹਿਬ ਜੀ ਨੇ ਅਰਦਾਸ ਕਰਕੇ ਯਾਤਰਾ ਆਰੰਭ ਕੀਤੀ। ਸਾਰੇ ਸਫ਼ਰ ਵਿਚ ਭਾਈ ਮਤੀ ਦਾਸ ਜੀ ਨੇ ਸਾਰਿਆਂ ਲਈ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸੰਭਾਲੀ। ਇਹ ਸਾਰਾ ਜੱਥਾ ਕੀਰਤਪੁਰ, ਰੋਪੜ, ਬੱਸੀ ਪਠਾਣਾਂ, ਮੁਕਾਰੋਂ ਪੁਰ ਅਤੇ ਟਹਿਲ ਪੁਰ ਤੋਂ ਹੁੰਦੇ ਹੋਏ ਸੈਫ਼ਾਬਾਦ (ਬਹਾਦਰ ਗੜ੍ਹ, ਪਟਿਆਲਾ) ਪਹੁੰਚਿਆ। ਇਥੇ ਨਵਾਬ ਸੈਫ਼ ਖਾਨ ਗੁਰੂ ਘਰ ਦਾ ਬਹੁਤ ਸ਼ਰਧਾਲੂ ਸੀ। ਗੁਰੂ ਸਾਹਿਬ ਜੀ ਇਥੇ ਕਈ ਦਿਨ ਰੁਕੇ। ਨਵਾਬ ਨੇ ਆਪਣੇ ਕਿਲੇ ਦੇ ਬਾਹਰ ਆਪਣੇ ਬਾਗ ਵਿਚ ਗੁਰੂ ਸਾਹਿਬ ਜੀ ਦਾ ਡੇਰਾ ਕਰਵਾਇਆ। ਉਹ ਹਰ ਰੋਜ਼ ਨੰਗੇ ਪੈਰੀਂ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਆਉਂਦਾ ਰਿਹਾ। ਉਸ ਨੇ ਗੁਰੂ ਸਾਹਿਬ ਜੀ ਦੀ ਬਹੁਤ ਸੇਵਾ ਕੀਤੀ। ਵਿਦਾਈ ਵੇਲੇ ਗੁਰੂ ਸਾਹਿਬ ਜੀ ਨੂੰ ਇਕ ਅਰਬੀ ਨਸਲ ਦਾ ਸਫ਼ੈਦ ਘੋੜਾ ਭੇਟ ਕੀਤਾ। ਸੈਫ਼ ਖਾਨ ਨੇ ਇਸ ਦਾ ਨਾਮ 'ਸ੍ਰੀ ਧਰ' ਰੱਖ ਕੇ ਇਸ ਨੂੰ ਗੁਰੂ ਸਾਹਿਬ ਜੀ ਲਈ ਬੜੇ ਪਿਆਰ ਨਾਲ ਪਾਲਿਆ ਸੀ। ਸੈਫ਼ਾਬਾਦ ਤੋਂ ਚੱਲ ਕੇ ਗੁਰੂ ਸਾਹਿਬ ਜੀ ਕੈਥਲ, ਪਿਹੋਵਾ ਤੋ ਹੁੰਦੇ ਹੋਏ ਕਰੂਕਸ਼ੇਤਰ ਪਹੁੰਚ ਗਏ। ਸੂਰਜ ਗ੍ਰਹਿਣ ਦੇ ਇਸ਼ਨਾਨ ਕਾਰਨ ਬਹੁਤ ਯਾਤਰੀ ਪਹੁੰਚੇ ਹੋਏ ਸਨ। ਕਈ ਦਿਨ ਗੁਰੂ ਸਾਹਿਬ ਜੀ ਨੇ ਇਥੇ ਡੇਰਾ ਕਰਕੇ ਦੀਵਾਨ ਸਜਾਏ ਅਤੇ ਵਹਿਮਾਂ ਭਰਮਾਂ ਤੋਂ ਮੁਕਤੀ ਦਾ ਰਸਤਾ ਦਿਖਾਇਆ।

ਕੁਰਕਸ਼ੇਤਰ ਤੋਂ ਚੱਲ ਕੇ 10-15 ਮੀਲ ਦੀ ਵਿੱਥ ਤੇ ਡੇਰਾ ਕਰਦੇ ਹੋਏ ਇਹ ਸਾਰਾ ਜੱਥਾ ਮਥਰਾ ਪੁੱਜ ਗਿਆ। ਮਥਰਾ ਤੋਂ ਆਗਰਾ, ਆਗਰੇ ਤੋਂ ਇਟਾਵਾ, ਇਟਾਵੇ ਤੋਂ ਪ੍ਰਯਾਗ ਰਾਜ

ਪਹੁੰਚੇ। ਇਸ ਨੂੰ ਅੱਜ ਕੱਲ ਇਲਾਹਾਬਾਦ ਕਹਿੰਦੇ ਹਨ। ਇਥੇ ਤਿੰਨੋਂ ਨਦੀਆਂ ਗੰਗਾ, ਜਮਨਾ ਅਤੇ ਸਰਸਵਤੀ ਦਾ ਸੰਗਮ ਹੁੰਦਾ ਹੈ। ਤਿੰਨੋਂ ਨਦੀਆਂ ਦੇ ਇਸ ਸੰਗਮ ਨੂੰ 'ਤ੍ਰਿਬੈਣੀ' ਕਹਿੰਦੇ ਹਨ। ਇਹ ਹਿੰਦੂਆਂ ਦਾ ਇੱਕ ਵੱਡਾ ਤੀਰਥ ਹੈ। ਇਥੇ ਗੁਰੂ ਸਾਹਿਬ ਜੀ ਲੱਗਭਗ ਇਕ ਮਹੀਨਾ ਰਹੇ। ਇਥੇ ਉਹਨਾਂ ਦੀ ਯਾਦ ਵਿਚ ਗੁਰੂਦੁਆਰਾ ਪੱਕੀ ਸੰਗਤ ਸਥਾਪਤ ਹੈ। ਬਚਿੱਤਰ ਨਾਟਕ ਵਿਚ ਵੀ ਦਸ਼ਮੇਸ਼ ਜੀ ਨੇ ਇਸ 'ਤ੍ਰਿਬੈਣੀ' ਦਾ ਜ਼ਿਕਰ ਕੀਤਾ ਹੈ: "ਜਬ ਹੀ ਜਾਤ ਤ੍ਰਿਬੈਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥"

ਇਲਾਹਾਬਾਦ ਦੀ ਸੰਗਤ ਤੋਂ ਵਿਦਾਇਗੀ ਲੈ ਕੇ ਗੁਰੂ ਸਾਹਿਬ ਜੀ ਮਿਰਜ਼ਾ ਪੁਰ ਆ ਗਏ। ਇਥੇ ਕੁੱਝ ਦਿਨ ਸੰਗਤ ਨੂੰ ਜੋੜ ਕੇ ਉਪਦੇਸ਼ ਬਖਸ਼ਦੇ ਰਹੇ। ਇਥੋਂ ਗੁਰੂ ਸਾਹਿਬ ਜੀ ਬਨਾਰਸ ਪਹੁੰਚੇ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਇਥੇ ਸਿੱਖ ਸੰਗਤ ਕਾਇਮ ਹੋ ਚੁੱਕੀ ਸੀ। ਭਾਈ ਗੁਰਦਾਸ ਜੀ ਵੀ ਇਥੇ ਕੁਝ ਸਮਾਂ ਰਹੇ ਸਨ। ਗੁਰੂ ਤੇਗ ਬਹਾਦਰ ਸਾਹਿਬ ਇਥੇ 7 ਮਹੀਨੇ 13 ਦਿਨ ਰਹੇ ਸਨ। ਇਥੇ ਪਹੁੰਚਣ ਸਮੇਂ ਜੋ ਚੋਲਾ ਗੁਰੂ ਸਾਹਿਬ ਜੀ ਨੇ ਪਹਿਨਿਆ ਹੋਇਆ ਸੀ ਉਹ ਹੁਣ ਗੁਰਦੁਆਰਾ 'ਵੱਡੀ ਸੰਗਤ' ਵਿਚ ਸੁਰਖਿਅਤ ਹੈ। ਉਸ ਸਮੇਂ ਇਥੋਂ ਦੀ ਸੰਗਤ ਦੇ ਨਾਮ ਗੁਰੂ ਸਾਹਿਬ ਜੀ ਦੇ ਹੁਕਮਨਾਮੇ ਵੀ ਲਿਖੇ ਹੋਏ ਮਿਲਦੇ ਹਨ। ਗੁਰੂ ਸਾਹਿਬ ਜੀ ਦਾ ਘੋੜਾ 'ਸ੍ਰੀ ਧਰ' ਇਥੇ ਬੀਮਾਰ ਹੋ ਗਿਆ ਸੀ। ਭਾਈ ਜਵੇਹਰੀ ਜੀ ਦੇ ਨਾਮ ਸ੍ਰੀ ਧਰ ਦੀ ਦੇਖ ਭਾਲ, ਉਸਦੀ ਦਵਾਈ ਅਤੇ ਠੀਕ ਹੋਣ ਤੇ ਪਟਨੇ ਪਹੁੰਚਾਣ ਦਾ ਹੁਕਮਨਾਮਾ ਹੈ। ਬਨਾਰਸ ਦੀ ਸੰਗਤ ਦੇ ਨਾਮ ਹੋਰ ਵੀ ਹੁਕਮਨਾਮੇ ਹਨ, ਜਿਹਨਾਂ ਵਿਚ ਉਥੋਂ ਦੇ ਗੁਰਸਿੱਖਾਂ ਦੇ ਨਾਮ ਸ਼ਾਮਲ ਹਨ। ਇਹ ਹੁਕਮਨਾਮੇ ਪਟਨਾ ਸਾਹਿਬ ਵਿਖੇ ਸੁਰਖਿਅਤ ਹਨ।

ਗੁਰੂ ਸਾਹਿਬ ਜੀ ਬਨਾਰਸ ਤੋਂ ਸਸਰਾਮ ਪਹੁੰਚ ਗਏ। ਇਥੇ ਗੁਰੂ ਸਾਹਿਬ ਜੀ ਆਪਣੇ ਇਕ ਸ਼ਰਧਾਲੂ ਸਿੱਖ ਭਾਈ ਫ਼ੱਗੂ ਦੀ ਸੱਚੀ ਪ੍ਰੀਤ ਅਤੇ ਸ਼ਰਧਾ ਦੇ ਖਿੱਚੇ ਹੋਏ ਆਏ ਸਨ। ਉਸਨੇ ਆਪਣੇ ਘਰ ਦਾ ਦਰਵਾਜਾ ਬਹੁਤ ਉੱਚਾ ਰਖਵਾਇਆ ਹੋਇਆ ਸੀ, ਕਿਉਂਕਿ ਉਸਦੇ ਮਨ ਦੀ ਇਹ ਭਾਵਨਾ ਸੀ ਕਿ ਗੁਰੂ ਸਾਹਿਬ ਜੀ ਉਸਦੇ ਘਰ ਘੋੜੇ ਉਪਰ ਚੜ੍ਹੇ ਹੋਏ ਹੀ ਦਾਖਲ ਹੋਣ। ਉਹਨਾਂ ਨੂੰ ਘਰ ਤੋਂ ਬਾਹਰ ਘੋੜੇ ਤੋਂ ਉਤਰਨਾ ਨਾ ਪਵੇ। ਇਸ ਕਾਰਨ ਹੀ ਉਹ ਘਰ ਦਾ ਦਰਵਾਜਾ ਬੰਦ ਵੀ ਨਹੀਂ ਸੀ ਕਰਦਾ। ਗੁਰੂ ਸਾਹਿਬ ਜੀ ਨੇ ਉਸ ਦੀ ਮਨ ਦੀ ਭਾਵਨਾ ਪੂਰੀ ਕੀਤੀ। ਕੁੱਝ ਦਿਨ ਇਥੇ ਪੜਾਅ ਕਰਕੇ ਗੁਰੂ ਸਾਹਿਬ ਜੀ ਗਯਾ ਚਲੇ ਗਏ। ਇਹ ਫ਼ਲਗੂ ਨਦੀ ਦੇ ਕਿਨਾਰੇ ਹਿੰਦੂਆਂ ਦਾ ਇਕ ਤੀਰਥ ਹੈ। ਪਹਿਲਾਂ ਇਹ ਬੁੱਧ ਧਰਮ ਦਾ ਇਕ ਪਵਿੱਤਰ ਸਥਾਨ ਸੀ। ਗਯਾ ਤੋਂ ਪਟਨਾ ਸ਼ਹਿਰ ਵੱਲ ਜਾਂਦੇ ਹੋਏ 'ਕਰਮਨਾਸਾ' ਨਦੀ ਵਿਚ ਇਸ਼ਨਾਨ ਕੀਤਾ। ਉਥੋਂ ਦੇ ਪੰਡਿਆਂ ਨੇ ਗੁਰੂ ਸਾਹਿਬ ਜੀ ਅਤੇ ਗੁਰਸਿੱਖਾਂ ਨੂੰ ਦੱਸਿਆ ਕਿ ਇਸ ਨਦੀ ਵਿਚ ਇਸ਼ਨਾਨ ਕਰਨ ਨਾਲ ਸ਼ੁੱਭ ਕਰਮ ਨਾਸ਼ ਹੋ ਜਾਂਦੇ ਹਨ, ਇਸ ਲਈ ਇਥੇ ਨਾ ਨਹਾਓ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਸਮਝਾਇਆ ਕਿਸੇ ਨਦੀ ਵਿਚ ਇਸ਼ਨਾਨ ਕਰਨ ਜਾਂ ਨਾ ਕਰਨ ਨਾਲ ਕਰਮਾਂ ਤੇ ਕੋਈ ਅਸਰ ਨਹੀਂ ਹੁੰਦਾਂ। ਇਥੇ ਅਸੀਂ ਪ੍ਰਭੂ ਦਾ ਜਸ ਗਾਵਾਂਗੇ, ਸ਼ਬਦ ਕੀਰਤਨ ਕਰਾਂਗੇ, ਸਤਿਸੰਗ ਦੇ ਪ੍ਰਭਾਵ ਨਾਲ ਇਥੇ 'ਕੁਕਰਮ-ਨਾਸ' ਹੋਇਆ ਕਰਨਗੇ।

ਇਸ ਜਗ੍ਹਾ ਤੋਂ ਚੱਲ ਕੇ ਗੁਰੂ ਸਾਹਿਬ ਜੀ 'ਰਾਜਗ੍ਰਹੀ' ਨਗਰ ਵਿਚ ਪੜਾਅ ਕਰਕੇ ਮਈ, 1666 ਈਸਵੀ ਨੂੰ ਪਟਨਾ ਸ਼ਹਿਰ ਪਹੁੰਚ ਗਏ। ਇਹ ਗੰਗਾ ਦੇ ਕਿਨਾਰੇ ਵੱਸਿਆ ਇਕ ਪ੍ਰਾਚੀਨ ਸ਼ਹਿਰ ਹੈ। ਉਸ ਸਮੇਂ ਇਸ ਦਾ ਨਾਮ 'ਪਾਟਲੀ ਪੁੱਤਰ' ਹੁੰਦਾ ਸੀ। ਇਸ ਨਗਰ ਵਿਚ ਸੱਭ ਤੋਂ ਪਹਿਲਾਂ ਗੁਰੂ ਸਾਹਿਬ ਜੀ ਇਕ ਬਾਗ ਵਿਚ ਇਕ ਇਮਲੀ ਦੇ ਦਰਖ਼ਤ ਹੇਠਾਂ ਬਿਰਾਜੇ।

ਇਹ ਬਾਗ ਸੁੱਕ ਚੁੱਕਿਆ ਸੀ, ਜੋ ਗੁਰੂ ਸਾਹਿਬ ਜੀ ਦੇ ਚਰਨ ਸਪਰਸ਼ ਨਾਲ ਹਰਾ ਭਰਾ ਹੋ ਗਿਆ। ਅੱਜ ਕੱਲ ਇਹ 'ਗੁਰੂ ਕੇ ਬਾਗ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਥੋਂ ਭਾਈ ਜਗਤਾ ਜੀ ਗੁਰੂ ਸਾਹਿਬ ਜੀ ਨੂੰ ਆਪਣੇ ਘਰ ਲੈ ਗਏ। ਇਸ ਥਾਂ ਤੇ ਹੁਣ ਗੁਰਦਆਰਾ ਗਊ ਘਾਟ ਬਣਿਆ ਹੋਇਆ ਹੈ। ਇਥੇ ਦੀਵਾਨ ਸਜਣੇ ਸ਼ੁਰੂ ਹੋ ਗਏ। ਸੰਗਤਾਂ ਦੂਰੋਂ ਦੂਰੋਂ ਦਰਸ਼ਨ ਕਰਨ ਆਉਦੀਆਂ। ਕੀਰਤਨ ਉਪਦੇਸ਼ ਸੁਣ ਕੇ ਨਿਹਾਲ ਹੁੰਦੀਆਂ। ਇਥੇ ਹੀ ਬੰਗਾਲ ਦੀ ਸੰਗਤ ਦਰਸ਼ਨ ਕਰਨ ਪਹੁੰਚ ਗਈ। ਗੁਰੂ ਨਾਨਕ ਨਾਮ ਲੇਵਾ ਸੰਗਤ ਦੀ ਢਾਕੇ ਵਿਚ ਬਹੁਤ ਅਬਾਦੀ ਸੀ। ਜਦੋਂ ਉਹਨਾਂ ਨੇ ਵਾਪਸ ਜਾਣ ਦੀ ਆਗਿਆ ਮੰਗੀ ਤਾਂ ਉਹਨਾਂ ਨੇ ਆਪਣੇ ਇਲਾਕੇ ਵਿਚ ਚਰਨ ਪਾ ਕੇ ਇਲਾਕੇ ਨੂੰ ਪਵਿਤਰ ਕਰਨ ਦੀ ਬੇਨਤੀ ਕੀਤੀ।

ਵਰਖਾ ਰੁੱਤ ਦਾ ਚੁਮਾਸਾ ਗੁਰੂ ਸਾਹਿਬ ਜੀ ਨੇ ਪਰਿਵਾਰ ਸਮੇਤ ਪਟਨੇ ਵਿਚ ਹੀ ਬਤੀਤ ਕੀਤਾ। ਬਾਰਿਸ਼ ਰੁੱਕ ਜਾਣ ਤੇ ਉਹਨਾਂ ਨੇ ਮੁਖੀ ਗੁਰਸਿੱਖਾਂ ਨੂੰ ਅਤੇ ਮਾਤਾ ਨਾਨਕੀ ਜੀ ਨੂੰ ਦੱਸਿਆ ਕਿ ਆਸਾਮ ਦੀ ਸੰਗਤ ਅਸਾਂਨੂੰ ਉਡੀਕ ਰਹੀ ਹੈ, ਇਸ ਲਈ ਸਾਡੇ ਸਫ਼ਰ ਦੀ ਤਿਆਰੀ ਕਰ ਦਿੱਤੀ ਜਾਵੇ। ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਗੁਰਦਿੱਤਾ ਜੀ ਤੇ ਕੀਰਤਨ ਕਰਨ ਵਾਲੇ ਜੱਥੇ ਨੂੰ ਵੀ ਤਿਆਰੀ ਕਰਨ ਲਈ ਆਦੇਸ਼ ਕਰ ਦਿਤਾ। ਮਾਤਾ ਨਾਨਕੀ ਜੀ ਨੇ ਭਾਈ ਕਿਰਪਾਲ ਚੰਦ ਅਤੇ ਭਾਈ ਦਿਆਲਾ ਜੀ ਨੂੰ ਨਾਲ ਲੈ ਕੇ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਉਹ ਆਸਾਮ ਦੀ ਯਾਤਰਾ ਤੇ ਨਾ ਜਾਣ। ਗੁਰੂ ਸਾਹਿਬ ਜੀ ਨੇ ਉੱਤਰ ਦਿੱਤਾ,"ਸੰਗਤ ਬਹੁਤ ਉਤਾਵਲੀ ਹੈ ਅਤੇ ਚਿਰਾਂ ਤੋਂ ਉਡੀਕ ਰਹੀ ਹੈ, ਇਸ ਲਈ ਜਾਣਾ ਜ਼ਰੂਰੀ ਹੈ।" ਭਾਈ ਕਿਰਪਾਲ ਚੰਦ, ਭਾਈ ਦਿਆਲਾ ਜੀ, ਪਟਨੇ ਦੀ ਸੰਗਤ ਵਿਚੋਂ ਭਾਈ ਦਰੀਆ, ਭਾਈ ਦਰਬਾਰੀ, ਭਾਈ ਮਿਹਰ ਚੰਦ ਅਤੇ ਮਾਈ ਪੈੜੀ ਜੀ ਨੂੰ ਪਰਿਵਾਰ ਦੀ ਜ਼ਿਮੇਂਵਾਰੀ ਸੌਂਪ ਕੇ ਅਕਤੂਬਰ 1666 ਈਸਵੀ ਵਿਚ ਢਾਕੇ ਦੀ ਅਗਲੀ ਯਾਤਰਾ ਤੇ ਚੱਲ ਪਏ।

ਪਹਿਲਾ ਡੇਰਾ ਗੰਗਾ ਕਿਨਾਰੇ ਵਸੇ ਹੋਏ ਕਸਬੇ ਬਡਗਾਂਵ ਵਿਚ ਕੀਤਾ। ਇਥੇ ਗੁਰਦੁਆਰਾ ਬੜੀ ਸੰਗਤ ਅਤੇ ਛੋਟੀ ਸੰਗਤ ਬਣਿਆ ਹੋਇਆ ਹੈ। ਇਸ ਥਾਂ ਤੇ ਇਕ ਪੁਰਾਤਨ ਜਨਮਸਾਖੀ ਭਾਈ ਪੈੜੇ ਮੋਖੇ ਦੀ ਹੱਥ ਲਿਖਤ ਅੱਜ ਵੀ ਸੰਭਾਲੀ ਹੋਈ ਹੈ। ਇਸ ਜਗ੍ਹਾ ਤੋਂ ਗੁਰੂ ਸਾਹਿਬ ਜੀ ਨੇ ਮੁੰਗੇਰ ਨਗਰ ਵਿਚ ਡੇਰਾ ਕੀਤਾ। ਕਈ ਦਿਨ ਗੁਰੂ ਸਾਹਿਬ ਜੀ ਇਥੇ ਦੀਵਾਨ ਸਜਾਉਂਦੇ ਰਹੇ। ਇਥੋਂ ਹੀ ਹੁਕਮਨਾਮਾ ਪਟਨੇ ਦੀ ਸੰਗਤ ਦੇ ਨਾਮ ਭੇਜਿਆ ਜਿਸ ਵਿਚ ਭਾਈ ਦਿਆਲ ਦਾਸ ਜੀ ਨੂੰ ਪਰਿਵਾਰ ਦਾ ਪੂਰਾ ਖਿਆਲ ਰੱਖਣ ਅਤੇ ਸੰਗਤ ਨੂੰ ਭਾਈ ਦਿਆਲ ਦਾਸ ਦੀ ਹਰ ਗੱਲ ਮੰਨਣ ਬਾਰੇ ਆਦੇਸ਼ ਕੀਤਾ ਗਿਆ। ਇਥੇ ਵੀ ਹੁਣ ਗੁਰਦੁਆਰਾ ਪੱਕੀ ਸੰਗਤ ਬਣਿਆ ਹੋਇਆ ਹੈ। ਇਥੋਂ ਸਾਹਿਬ ਗੰਜ, ਭਾਗਲ ਪੁਰ, ਰਾਜ ਮਹੱਲ ਤੋਂ ਹੁੰਦੇ ਹੋਏ ਕਈ ਪਿੰਡਾਂ ਦੀ ਸੰਗਤ ਨੂੰ ਤਾਰਦੇ ਹੋਏ ਮਾਲਦਾ ਨਗਰ ਪਹੁੰਚ ਗਏ। ਇਹ ਨਗਰ ਹੀਰਿਆਂ ਦੇ ਵਪਾਰ ਲਈ ਮਸ਼ਹੂਰ ਹੈ। ਸਿੱਖ ਵਪਾਰੀਆਂ ਨੇ ਕੀਮਤੀ ਹੀਰੇ ਗੁਰੂ ਸਾਹਿਬ ਜੀ ਨੂੰ ਭੇਟ ਕੀਤੇ। ਗੁਰੂ ਸਾਹਿਬ ਜੀ ਨੂੰ ਇਹ ਪਤਾ ਸੀ ਕਿ ਇਹ ਸਥਾਨਕ ਲੋਕਾਂ ਦੇ ਪਿੱਛੇ ਲੱਗ ਕੇ ਇਕ ਫ਼ਕੀਰ ਦੀ ਕਬਰ ਤੇ ਮੱਥਾ ਟੇਕਣ ਜਾਂਦੇ ਹਨ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਕਬਰਾਂ ਤੇ ਮੰਨਤਾਂ ਮੰਨਣਾ ਸਿੱਖੀ ਸਿਧਾਂਤ ਦੇ ਵਿਰੁਧ ਹੈ,'ਗੁਰ-ਪਰਮੇਸ਼ਰ' ਨੂੰ ਧਿਆ ਕੇ ਕੇਵਲ ਅਰਦਾਸ ਕਰਨ ਨਾਲ ਹੀ ਮੰਨਤਾਂ ਪੂਰਨ ਹੋ ਜਾਂਦੀਆਂ ਹਨ। ਉਹਨਾਂ ਨੂੰ ਇਹ ਵੀ ਕਿਹਾ ਕਿ ਤੁਹਾਡੀ ਇਹ ਕੀਮਤੀ ਭੇਟਾ ਅਸੀਂ ਤਾਂ ਹੀ ਪ੍ਰਵਾਨ ਕਰਾਂਗੇ ਜੇਕਰ ਤੁਸੀਂ ਕਬਰਾਂ ਤੇ ਜਾ ਕੇ ਮੱਥਾ ਰਗੜਨ ਤੋਂ ਤੌਬਾ ਕਰੋਗੇ।

ਮਾਲਦਾ ਤੋਂ ਢਾਕੇ ਤੱਕ ਦਾ ਲੱਗਭਗ 250 ਮੀਲ ਦਾ ਪੈਂਡਾ ਤੈਅ ਕਰਦੇ ਅਤੇ ਪਿੰਡਾਂ-

ਨਗਰਾਂ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਗੁਰੂ ਸਾਹਿਬ ਜੀ ਚਲਦੇ ਜਾ ਰਹੇ ਸਨ। ਰਸਤੇ ਵਿਚ ਹੋਰ ਸੰਗਤ ਜੁੜਦੀ, ਕੁਝ ਸਮਾਂ ਨਾਲ ਸਫ਼ਰ ਕਰਦੀ। ਫਿਰ ਗੁਰੂ ਸਾਹਿਬ ਜੀ ਉਹਨਾਂ ਨੂੰ ਵਾਪਸ ਭੇਜ ਦਿੰਦੇ ਸਨ। ਗੁਰੂ ਨਾਨਕ ਸਾਹਿਬ ਜੀ ਵੱਲੋਂ ਕੀਤੀ ਉਦਾਸੀ ਦੇ ਸਮੇਂ ਤੋਂ ਜੁੜੀ ਹੋਈ ਸਿੱਖ ਸੰਗਤ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਦੇ ਹੋਏ ਗੁਰੂ ਸਾਹਿਬ ਜੀ ਢਾਕੇ ਪੁੱਜ ਗਏ।

ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਢਾਕੇ ਵਿਚ ਸੰਗਤ ਕਾਇਮ ਕਰ ਦਿੱਤੀ ਹੋਈ ਸੀ। ਉਸ ਸਮੇਂ ਢਾਕੇ ਨੂੰ ਜਹਾਂਗੀਰਾਬਾਦ ਕਿਹਾ ਜਾਂਦਾ ਸੀ। ਬਾਅਦ ਵਿਚ ਇਸ ਥਾਂ ਤੇ ਸੰਗਤ ਨੇ ਧਰਮਸਾਲ ਉਸਾਰ ਦਿੱਤੀ ਹੋਈ ਸੀ। ਜਦੋਂ ਗੁਰੂ ਅਮਰਦਾਸ ਜੀ ਨੇ 22 ਪ੍ਰਚਾਰ ਮੰਜੀਆਂ ਥਾਪੀਆਂ ਤਾਂ ਇਕ ਮੰਜੀ ਢਾਕੇ ਦੀ ਸੰਗਤ ਨੂੰ ਦਿੱਤੀ ਗਈ। ਗੁਰੂ



ਹਰਗੋਬਿੰਦ ਸਾਹਿਬ ਜੀ ਨੇ ਪ੍ਰਚਾਰ ਦੇ ਲਈ ਭਾਈ ਅਲਮਸਤ ਜੀ ਨੂੰ ਇਥੇ ਭੇਜਿਆ। ਉਹ ਇਥੋਂ ਦੇ ਪ੍ਰਚਾਰ ਕੇਂਦਰ ਵਿਚ ਮੁਖੀ ਦੀ ਘਾਟ ਨੂੰ ਪੂਰਾ ਕਰਦੇ ਹੋਏ ਸਿੱਖੀ ਸਿਧਾਂਤ ਦਾ ਉਪਦੇਸ਼ ਦਿੰਦੇ ਰਹੇ। ਜਦੋਂ ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਵਾਪਸ ਬੁਲਾਇਆ ਤਾਂ ਜਾਣ ਲੱਗੇ ਉਹ ਭਾਈ ਨੱਥਾ ਜੀ ਨੂੰ ਪ੍ਰਚਾਰਕ ਥਾਪ ਗਏ। ਹੁਣ ਉਹ ਹੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਪ੍ਰਚਾਰ ਕਰ ਰਹੇ ਸਨ। ਉਹ ਸਿੱਖੀ ਸਿਧਾਤਾਂ ਨੂੰ ਪੂਰਨ ਰੂਪ ਵਿਚ ਅਪਨਾਉਣ ਲਈ ਬਹੁਤ ਸਖ਼ਤ ਸਨ। ਉਹ ਅਕਸਰ ਖਰਵਾ ਵੀ ਬੋਲ ਜਾਂਦੇ ਸਨ। ਗਾਲ੍ਹਾਂ ਤਾਂ ਉਹਨਾਂ ਦੇ ਮੂੰਹ ਤੇ ਚੜ੍ਹੀਆਂ ਹੋਈਆਂ ਸਨ। ਜੇ ਕੋਈ ਮਨ-ਮੱਤ ਕਰਦਾ ਦਿਖ ਜਾਂਦਾ ਤਾਂ ਉਸਨੂੰ ਵਰਜਦੇ ਹੋਏ ਬਹੁਤ ਗੁੱਸੇ ਵਿਚ ਆ ਜਾਂਦੇ ਸਨ ਅਤੇ ਗਾਲ੍ਹਾਂ ਕੱਢਣ ਲੱਗ ਜਾਂਦੇ। ਸੰਗਤ ਨੇ ਗੁਰੂ ਸਾਹਿਬ ਜੀ ਕੋਲ ਉਹਨਾਂ ਦੀ ਸ਼ਿਕਾਇਤ ਕਰ ਦਿੱਤੀ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੰਗਤ ਨੂੰ ਸਮਝਾਉਣਾ ਕੀਤਾ ਕਿ ਉਹ ਦਿਲ ਦੇ ਬਹੁਤ ਖਰੇ ਹਨ। ਉਹਨਾਂ ਦੇ ਮਨ ਵਿਚ ਕਿਸੇ ਪ੍ਰਤੀ ਈਰਖਾ ਨਹੀਂ ਹੈ। ਸੰਗਤ ਦੀ ਤਸੱਲੀ

ਕਰਾਉਣ ਲਈ ਉਹਨਾਂ ਨੇ ਸੰਗਤ ਦੇ ਸਾਹਮਣੇ ਹੀ ਭਾਈ ਨੱਥਾ ਜੀ ਨੂੰ ਬੁਲਾ ਲਿਆ ਅਤੇ ਉਹਨਾਂ ਨੂੰ ਪੁੱਛਿਆ ਕਿ ਜਦੋਂ ਉਹ ਪ੍ਰਚਾਰ ਕਰਦੇ ਹਨ ਤਾਂ ਸੰਗਤ ਨੂੰ ਗਾਲ੍ਹਾਂ ਕਿਉਂ ਕੱਢਣ ਲੱਗ ਜਾਂਦੇ ਹਨ। ਭਾਈ ਨੱਥਾ ਜੀ ਨੇ ਆਦਤ ਅਨੁਸਾਰ ਵੱਡੀ ਸਾਰੀ ਗਾਲ੍ਹ ਕੱਢਦੇ ਹੋਏ ਕਿਹਾ,'ਕੌਣ ਹੈ ਜੋ ਅਜਿਹਾ ਕਹਿੰਦਾ ਹੈ?' ਗੁਰੂ ਸਾਹਿਬ ਜੀ ਅਜਿਹਾ ਸੁਣਦੇ ਹੀ ਹੱਸਣ ਲੱਗ ਪਏ ਅਤੇ ਸੰਗਤ ਨੂੰ ਸਮਝਾਇਆ ਕਿ ਇਹ ਸਾਡਾ ਛੱਲ-ਰਹਿਤ ਸਿੱਧਾ ਫ਼ਕੀਰ ਹੈ, ਇਸ ਦੀਆਂ ਗੱਲਾਂ ਦਾ ਬੁਰਾ ਨਾ ਮਨਾਇਆ ਕਰੋ। ਇਸ ਦੀ ਗਾਲ੍ਹ ਵੀ ਭਲਾ ਹੀ ਕਰੇਗੀ' ਮਹਿਮਾਂ ਪ੍ਰਕਾਸ਼ ਵਿਚ ਇਸ ਪ੍ਰਸੰਗ ਬਾਰੇ ਦਰਜ ਹੈ:

"ਬਹੁ ਹੱਸੇ ਦਇਆਲ, ਸਿੱਖਨ ਸਮਝਾਇਆ।
ਨੱਥੇ ਕੀ ਗਾਲ੍ਹ ਜਾਨੋ ਤੁਮ ਦਇਆ ।
ਇਹ ਹਿਰਦੈ ਸੁੱਧ ਬੈਰ ਨਹੀਂ ਜਾਨੇ ।
ਹਮਰਾ ਬਚਨ ਸੱਤ ਕਰ ਮਾਨੇ ।
ਇਹ ਸੂਧਾ ਫ਼ਕੀਰ ਸੂਧੀ ਕਰੇ ਬਾਤ।"

ਇਸ ਸਥਾਨ ਤੋਂ ਭਾਈ ਬੁਲਾਕੀ ਦਾਸ ਜੀ ਨੇ ਗੁਰੂ ਸਾਹਿਬ ਜੀ ਨੂੰ ਆਪਣੇ ਘਰ ਚਰਨ ਪਾਉਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਜੀ ਨੇ ਕਿਹਾ ਕਿ ਅਸੀਂ ਤੁਹਾਡੇ ਘਰ ਆਉਣਾ ਹੀ ਸੀ। ਸਾਨੂੰ ਤੁਹਾਡੇ ਮਾਤਾ ਜੀ ਦੀਆਂ ਪ੍ਰੇਮ-ਡੋਰੀਆਂ ਬਹੁਤ ਸਮੇਂ ਤੋਂ ਖਿੱਚ ਪਾ ਰਹੀਆਂ ਸਨ। ਭਾਈ ਬੁਲਾਕੀ ਦਾਸ ਦੀ ਮਾਤਾ ਨੇ ਆਪਣੇ ਹੱਥ ਨਾਲ ਬਹੁਤ ਬਾਰੀਕ ਸੂਤ ਕੱਤ ਕੇ ਬਸਤਰ ਬਣਾਏ ਹੋਏ ਸਨ। ਗੁਰੂ ਸਾਹਿਬ ਜੀ ਲਈ ਸਿੰਘਾਸਨ ਸਜਾਇਆ ਹੋਇਆ ਸੀ। ਹਰ ਰੋਜ਼ ਆਸਣ ਦੀ ਚਾਦਰ ਬਦਲ ਕੇ ਉਹ ਉਡੀਕ ਵਿਚ ਬੈਠੀ ਰਹਿੰਦੀ ਸੀ ਕਿ ਕਦੋਂ ਗੁਰੂ ਸਾਹਿਬ ਜੀ ਆਉਣ ਅਤੇ ਇਸ ਆਸਣ ਨੂੰ ਪਵਿੱਤਰ ਕਰਨ। ਉਸਦੇ ਬਣਾਏ ਹੋਏ ਬਸਤਰ ਅੰਗੀਕਾਰ ਕਰਨ। ਇਕ ਦਿਨ ਗੁਰੂ ਸਾਹਿਬ ਜੀ ਬੁਲਾਕੀ ਦਾਸ ਜੀ ਨਾਲ ਉਸ ਦੇ ਘਰ ਗਏ, ਅਤੇ ਸਿੱਧਾ ਉਸ ਕਮਰੇ ਵਿਚ ਚਲੇ ਗਏ ਜਿਥੇ ਮਾਤਾ ਉਡੀਕ ਵਿਚ ਬੈਠੀ ਸੀ। ਗੁਰੂ ਜੀ ਆਸਨ ਤੇ ਬੈਠੇ, ਬਸਤਰ ਪਹਿਨੇ ਅਤੇ ਮਾਤਾ ਦੀ ਸ਼ਰਧਾ ਪੂਰੀ ਕੀਤੀ। ਮਾਤਾ ਜੀ ਨੇ ਇਕੋ ਸਾਹੇ ਕਈ ਸਵਾਲ ਕਰ ਦਿੱਤੇ, ਜਿਵੇਂ ਚਿਰਾਂ ਤੋਂ ਹੀ ਸੋਚੀ ਬੈਠੀ ਹੋਵੇ,'ਮਹਾਰਾਜ ਜੀ, ਮਨ ਭਟਕਦਾ ਹੈ? ਭੱਜਦਾ ਫਿਰਦਾ ਹੈ? ਕਿਵੇਂ ਸਮਝਾਵਾਂ? ਮੁਕਤੀ ਕਿਵੇਂ ਹੋਵੇ? ਪ੍ਰਭੂ ਨੂੰ ਕਿਵੇਂ ਮਿਲਾਂ? ਸਦਾ ਦਰਸ਼ਨ ਕਿਵੇਂ ਹੁੰਦਾ ਰਹੇ?' ਗੁਰੂ ਸਾਹਿਬ ਜੀ ਮੁਸਕਰਾਏ! ਫਿਰ ਨੈਣ ਮੁੰਦ ਲਏ! ਅੰਤਰ ਧਿਆਨ ਅਵਸਥਾ ਵਿਚ ਚਲੇ ਗਏ! ਫਿਰ ਇਲਾਹੀ ਬਾਣੀ ਆਪਣੇ ਵਿਸਮਾਦੀ ਮੁਖੜੇ ਤੋਂ ਉਚਾਰਣ ਕੀਤੀ:

ਗਉੜੀ ਮਹਲਾ ੯ (ਪਾਵਨ ਅੰਗ 219)
ਕੋਊ ਮਾਈ ਭੂਲਿਓ ਮਨੁ ਸਮਝਾਵੈ॥
ਬੇਦ ਪੁਰਾਨ ਸਾਧ ਮਗੁ ਸੁਨਿ ਕਰਿ ਨਿਮਖ ਨ ਹਰਿ ਗੁਨਿ ਗਾਵੈ॥ਰਹਾਉ॥
ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ॥
ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ॥
ਅੰਤਰ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ॥

ਸ਼ਬਦ ਦੀ ਸੰਪੂਰਨਤਾ ਤੋਂ ਪਿਛੋਂ ਗੁਰੂ ਸਾਹਿਬ ਜੀ ਨੇ ਅੱਖਾਂ ਖੋਲੀਆਂ। ਮਾਤਾ ਜੀ ਨੂੰ

ਸੰਬੋਧਨ ਕੀਤਾ,"ਮਾਤਾ ਜੀ, ਇਸ ਭੁੱਲੇ ਹੋਏ ਮਨ ਨੂੰ ਸਮਝਾਓ ਕਿ ਸਾਧੂਆਂ ਮਹਾਂਪੁਰਸ਼ਾਂ ਦੇ ਬਚਨ ਸੁਣ ਕੇ ਵੀ ਤੂੰ ਹਰੀ ਦੇ ਗੁਣ ਨਹੀਂ ਗਾਉਂਦਾ। ਇਸ ਤਰ੍ਹਾਂ ਤਾਂ ਤੇਰੀ ਮਨੁੱਖਾ ਦੇਹੀ ਵਿਅਰਥ ਚਲੀ ਜਾਵੇਗੀ। ਇਸ ਲਈ ਪ੍ਰਭੂ ਨੂੰ ਸਦਾ ਅੰਗ ਸੰਗ ਸਮਝ, ਉਸ ਨਾਲ ਪ੍ਰੀਤ ਪਾ। ਇਹ ਜੋ ਮੋਹ ਮਾਇਆ ਪ੍ਰਤੀ ਤੇਰੀ ਰੁਚੀ ਹੈ, ਇਹੋ ਹੀ ਪ੍ਰਭੂ ਮਿਲਾਪ ਅਤੇ ਤੇਰੀ ਮੁਕਤੀ ਦੇ ਰਾਹ ਵਿਚ ਸੰਕਟ ਬਣਕੇ ਰੁਕਾਵਟ ਪਾ ਰਿਹਾ ਹੈ। ਇਹ ਬਚਨ ਸੁਣ ਕੇ ਵੀ ਮਾਤਾ ਜੀ ਨੇ ਬੇਨਤੀ ਕੀਤੀ,'ਸੱਚੇ ਪਾਤਸ਼ਾਹ, ਜਦੋਂ ਮੇਰਾ ਦਿਲ ਕਰੇ, ਮੈਂ ਤੁਹਾਡੇ ਦੀਦਾਰ ਕਰ ਸਕਾਂ, ਇਸ ਲਈ ਮੈਂਨੂੰ ਆਗਿਆ ਦਿਓ ਕਿ ਕੋਈ ਚਿੱਤਰਕਾਰ ਬੁਲਾ ਕੇ ਤੁਹਾਡੀ ਤਸਵੀਰ ਬਣਾ ਕੇ ਰੱਖ ਲਵਾਂ ਤੇ ਜਦੋਂ ਮਨ ਕਰੇ ਮੈਂ ਦੀਦਾਰ ਕਰ ਲਵਾਂ। ਗੁਰੂ ਜੀ ਨੇ ਸਮਝਾਇਆ ਕਿ ਤਸਵੀਰ ਜਾਂ ਮੂਰਤੀ 'ਸ਼ਬਦ' ਦਾ ਮੁਕਾਬਲਾ ਨਹੀਂ ਕਰ ਸਕਦੀ ਇਸ ਲਈ ਤੁਸੀਂ 'ਸ਼ਬਦ' ਵਿਚ ਮਨ ਲਗਾਇਆ ਕਰੋ। ਪਰ ਮਾਤਾ ਨੇ ਤਾਂ ਇਕੋ ਜ਼ਿਦ ਫੜੀ ਹੋਈ ਸੀ ਕਿ 'ਦਰਸ਼ਨ ਜਬ ਦੇਖਾ ਚਹੇ ਮੂਰਤ ਦੇਖੂੰ ਜਾਇ।' ਗੁਰੂ ਸਾਹਿਬ ਜੀ ਨੇ ਮਾਤਾ ਦੀ ਪ੍ਰੀਤ ਤੇ ਸ਼ਰਧਾ ਨੂੰ ਦੇਖਦੇ ਹੋਏ ਉਹਨਾਂ ਨੂੰ ਚਿੱਤਰ ਬਣਾਉਣ ਦੀ ਆਗਿਆ ਦੇ ਦਿੱਤੀ। ਭਾਈ ਬੁਲਾਕੀ ਦਾਸ ਜੀ ਦਾ ਢਾਕਾ ਵਿਚ ਬਹੁਤ ਆਦਰ ਸਤਿਕਾਰ ਸੀ। ਨਵਾਬ ਸ਼ਾਇਸਤਾ ਖਾਨ ਵੀ ਉਹਨਾਂ ਦੀ ਗੱਲ ਮੰਨਦਾ ਸੀ। ਬੁਲਾਕੀ ਦਾਸ ਜੀ ਨੇ ਨਵਾਬ ਨੂੰ ਜਾ ਬੇਨਤੀ ਕੀਤੀ ਕਿ ਕੋਈ ਵਧੀਆ ਚਿੱਤਰਕਾਰ ਭੇਜੋ, ਜੋ ਗੁਰੂ ਸਾਹਿਬ ਜੀ ਦਾ ਹੂਬਹੂ ਚਿੱਤਰ ਤਿਆਰ ਕਰ ਸਕੇ। ਅਗਲੇ ਦਿਨ ਨਵਾਬ ਆਪ ਤੋਹਫ਼ੇ ਲੈ ਕੇ ਦਰਸ਼ਨ ਕਰਨ ਆਇਆ ਅਤੇ ਇਕ ਪ੍ਰਸਿੱਧ ਚਿੱਤਰਕਾਰ ਨੂੰ ਵੀ ਨਾਲ ਲੈ ਕੇ ਆਇਆ। ਉਸਨੇ ਤਸਵੀਰ ਬਣਾਉਣੀ ਸ਼ੁਰੂ ਕੀਤੀ। ਉਸ ਨੇ ਗੁਰੂ ਸਾਹਿਬ ਜੀ ਦੇ ਚਰਨ, ਕਮਲ, ਹਸਤ,ਬਾਜ ਅਤੇ ਪਹਿਨੇ ਹੋਏ ਬਸਤਰ ਤਾਂ ਬਣਾ ਲਏ ਪਰ ਚਿਹਰੇ ਦਾ ਜਲਾਲ ਨਾ ਝੱਲਿਆ ਜਾਏ। ਕਈ ਦਿਨ ਲੰਘ ਗਏ ਪਰ ਜਦੋਂ ਵੀ ਬੁਰਸ਼ ਚਲਾਉਣਾ ਚਾਹੇ ਤਾਂ ਹੱਥ ਕੰਬਣ ਲੱਗ ਜਾਣ। ਬੁਰਸ਼ ਡਿੱਗ ਡਿੱਗ ਜਾਏ। ਅਖੀਰ ਇਕ ਦਿਨ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪ ਬੁਰਸ਼ ਲੈ ਕੇ ਆਪਣਾ ਚਿਹਰਾ ਬਣਾ ਦਿੱਤਾ। ਮਹਿਮਾ ਪ੍ਰਕਾਸ਼ ਗ੍ਰੰਥ ਵਿਚ ਇਹ ਪ੍ਰਸੰਗ ਇਸ ਤਰਾਂ ਦਰਜ ਹੈ:



'ਬੜਾ ਲਿਖਾਰੀ ਲਿਆਈ ਮਾਈ। ਸਤਿਗੁਰ ਹਜ਼ੂਰ ਤਸਵੀਰ ਲਿਖਾਈ।
ਸਗਲ ਅੰਗ ਬਸਤ੍ਰ ਸੁਭ ਲਿਖਾ। ਮੁਖ ਕਮਲ ਪ੍ਰਭਾ ਨਹੀਂ ਲਿਖ ਸਕਾ।
ਦੇਖ ਦਇਆਲ ਕਲਮ ਹੱਥ ਲੀਨਾ। ਨਿਜ ਹਾਥ ਸੁਧਾਰ ਸੰਪੂਰਨ ਕੀਨਾ।
ਤਬ ਮੂਰਤ ਮਾਈ ਕੋ ਦੀਨਾ।'

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ,"ਸ਼ਾਇਦ ਕਿਸੇ ਪੈਗੰਬਰ ਦਾ ਇਹ


ਪਹਿਲਾ ਆਪਣੇ ਹੱਥੀ ਬਣਾਇਆ ਹੋਇਆ ਚਿੱਤਰ (Self Portrait) ਹੈ।" ਅੱਜ ਕੱਲ ਇਹ ਤਸਵੀਰ ਕਲਕੱਤਾ ਦੇ ਵਿਕਟੋਰੀਆ ਅਜਾਇਬ ਘਰ ਵਿਚ ਪਈ ਹੈ। ਇਸ ਦੀ ਇਕ ਹੋਰ ਖਾਸ ਵਿਸ਼ੇਸ਼ਤਾ ਹੈ ਕਿ ਜੋ ਹਿੱਸਾ ਚਿੱਤਰਕਾਰ ਨੇ ਬਣਾਇਆ ਸੀ, ਉਹ ਤਾਂ ਫਿੱਕਾ ਪੈ ਚੁੱਕਾ ਹੈ ਤੇ ਕਿਤੋਂ ਕਿਤੋਂ ਮਿਟ ਵੀ ਚੁੱਕਾ ਹੈ ਪਰ ਜੋ ਹਿੱਸਾ ਗੁਰੂ ਸਾਹਿਬ ਜੀ ਰਾਹੀਂ ਬਣਾਇਆ ਹੋਇਆ ਹੈ ਉਸ ਦੀ ਚਮਕ ਦਮਕ ਅਜੇ ਤੱਕ ਵੀ ਬਰਕਰਾਰ ਹੈ।

ਗੁਰੂ ਸਾਹਿਬ ਜੀ ਢਾਕਾ ਵਿਖੇ ਹੀ ਸੰਗਤ ਨੂੰ ਉਪਦੇਸ਼ ਬਖ਼ਸ਼ ਰਹੇ ਸਨ ਕਿ ਪਟਨੇ ਤੋਂ ਭਾਈ ਮਿਹਰ ਚੰਦ ਅਤੇ ਭਾਈ ਕਲਿਆਣ ਚੰਦ ਜੀ ਇਹ ਖੁਸ਼ਖ਼ਬਰੀ ਲੈ ਕੇ ਪਹੁੰਚੇ ਕਿ ਆਪ ਜੀ ਦੇ ਘਰ ਪੋਹ ਸੁਦੀ ਸੱਤਵੀਂ ਸੰਮਤ 1723 ਬਿਕ੍ਰਮੀ (22 ਦਸੰਬਰ, 1666 ਈਸਵੀ) ਨੂੰ ਬਾਲਕ ਦੀ ਬਖਸ਼ਿਸ਼ ਹੋਈ ਹੈ। ਗੁਰਸਿੱਖਾਂ ਦੇ ਮੂੰਹੋਂ ਸੁਣਦੇ ਸਾਰ ਗੁਰੂ ਸਾਹਿਬ ਜੀ ਨੇ ਬਾਲਕ ਦਾ ਨਾਮ ਗੋਬਿੰਦ ਰਾਏ ਰੱਖਿਆ ਅਤੇ ਫ਼ੁਰਮਾਨ ਕੀਤਾ,"ਇਹ ਦੁਸ਼ਟ-ਦਮਨ ਗੁਰੂ, ਦੇਸ਼ ਦਾ ਸੰਕਟ ਦੂਰ ਕਰੇਗਾ।" ਉਸੇ ਸਮੇਂ ਗੁਰੂ ਸਾਹਿਬ ਜੀ ਨੇ ਪਟਨੇ ਦੀ ਸੰਗਤ ਦੇ ਨਾਮ ਹੁਕਮਨਾਮੇ ਭੇਜੇ, ਜਿਸ ਵਿਚ ਉਹਨਾਂ ਨੇ ਲਿਖਿਆ ਕਿ ਆਪ ਗੁਰੂ ਘਰ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋਏ ਹੋ। ਗੁਰੂ ਪਰਿਵਾਰ ਨੂੰ ਉਤਨੀ ਦੇ ਕਿਸੇ ਵੱਡੀ ਹਵੇਲੀ ਵਿਚ ਰੱਖਣਾ, ਜਿਤਨੀ ਦੇਰ ਹਰਿਮੰਦਰ ਤਿਆਰ ਨਹੀਂ ਹੋ ਜਾਂਦਾ।

ਗੁਰੂ ਸਾਹਿਬ ਜੀ ਦੇ ਘਰ ਖੁਸ਼ੀਆਂ ਦੀ ਖ਼ਬਰ ਜਿਉਂ ਜਿਉਂ ਸੰਗਤ ਨੂੰ ਪਤਾ ਲਗਦਾ, ਤਿਉਂ ਤਿਉਂ ਵਧਾਈਆਂ ਦੇਣ ਵਾਸਤੇ ਸੰਗਤ ਵਹੀਰਾਂ ਘੱਤ ਕੇ ਪਹੁੰਚਦੀ ਗਈ। ਸੰਗਤ ਦਾ ਉਤਸ਼ਾਹ, ਪ੍ਰੇਮ ਤੇ ਸ਼ਰਧਾ ਦੇਖ ਕੇ ਗੁਰੂ ਸਾਹਿਬ ਜੀ ਨੇ ਬਚਨ ਕੀਤੇ,'ਮਮ ਸਿੱਖੀ ਕਾ ਕੋਠਾ ਢਾਕਾ'। ਇਥੇ ਗੁਰੂ ਸਾਹਿਬ ਜੀ ਇਕ ਸਾਲ ਰਹੇ। ਇਸ ਸਥਾਨ ਦਾ ਨਾਮ 'ਸੰਗਤ ਟੋਲਾ' ਰੱਖਿਆ। ਨਵਾਬ ਸ਼ਾਇਸਤਾ ਖਾਨ ਨੇ ਗੁਰਦੁਆਰੇ ਦੇ ਨਾਮ ਜਗੀਰ ਲਗਵਾ ਦਿੱਤੀ।

ਇਥੇ ਹੀ ਰਾਜਾ ਰਾਮ ਸਿੰਘ ਗੁਰੂ ਸਾਹਿਬ ਜੀ ਨੂੰ ਮਿਲਣ ਲਈ ਆਇਆ। ਇਸ ਨੂੰ ਔਰੰਗਜ਼ੇਬ ਨੇ ਅਸਾਮ ਦੇ ਮਿਸ਼ਨ ਨੂੰ ਸਰ ਕਰਨ ਲਈ ਭੇਜਿਆ ਸੀ। ਔਰੰਗਾ ਇਸ ਤੇ ਬਹੁਤਾ ਵਿਸ਼ਵਾਸ਼ ਨਹੀਂ ਸੀ ਕਰਦਾ। ਇਸ ਲਈ ਉਸ ਨੇ ਦੋਹਰੀ ਚਾਲ ਚਲਦੇ ਹੋਏ ਹੀ ਉਸ ਨੂੰ ਇਸ ਮਿਸ਼ਨ ਤੇ ਭੇਜਿਆ ਸੀ। ਰਾਜਾ ਰਾਮ ਸਿੰਘ ਦੀ ਜਿੱਤ ਹੋਵੇ ਜਾਂ ਹਾਰ ਹੋਵੇ, ਔਰੰਗਜ਼ੇਬ ਦਾ ਤਾਂ ਫ਼ਾਇਦਾ ਹੀ ਹੋਣਾ ਸੀ। ਰਾਜਾ ਰਾਮ ਸਿੰਘ ਨੇ ਗੁਰੂ ਸਾਹਿਬ ਜੀ ਨੂੰ ਔਰੰਗੇ ਦੀ ਚਾਲ ਬਾਰੇ ਦੱਸਿਆ ਕਿ ਜੇ ਮੈਂ ਜਿੱਤ ਗਿਆ ਤਾਂ ਸਾਰਾ ਆਸਾਮ ਉਸਦਾ ਤੇ ਜੇ ਮੈਂ ਮਾਰਿਆ ਗਿਆ ਤਾਂ ਮੇਰਾ ਰਾਜਪੂਤਾਨਾ ਉਸਦਾ। ਉਸਨੇ ਗੁਰੂ ਸਾਹਿਬ ਜੀ ਨੂੰ ਅਸਾਮ ਦੀ ਮੁਹਿੰਮ ਤੇ ਨਾਲ ਜਾਣ ਦੀ ਬੇਨਤੀ ਵੀ ਕੀਤੀ। ਉਹ ਸੋਚਦਾ ਸੀ ਕਿ ਗੁਰੂ ਸਾਹਿਬ ਜੀ ਨਾਲ ਹੋਣਗੇ ਤਾਂ ਫ਼ੌਜਾਂ ਦਾ ਹੌਸਲਾ ਬਣਿਆ ਰਹੇਗਾ ਅਤੇ ਅਸਾਮ ਦੀਆਂ ਜਾਦੂਗਰਨੀਆਂ ਦੇ ਜਾਦੂ-ਟੂਣੇ ਤੋਂ ਵੀ ਬਚਾਅ ਰਹੇਗਾ। ਗੁਰੂ ਸਾਹਿਬ ਜੀ ਨੇ ਉਸਨੂੰ ਨਾਲ ਜਾਣ ਦੀ ਸਹਿਮਤੀ ਵੀ ਦਿੱਤੀ ਅਤੇ ਭਰੋਸਾ ਵੀ ਦਿੱਤਾ ਕਿ ਗੁਰੂ ਨਾਨਕ ਅੰਗ ਸੰਗ ਹੈ, ਫ਼ਤਿਹ ਉਸਦੀ ਹੀ ਹੋਏਗੀ। ਗੁਰੂ ਸਾਹਿਬ ਜੀ ਨੇ ਉਸ ਨੂੰ ਨਵਾਬ ਸ਼ਾਇਸਤਾ ਖਾਨ ਨਾਲ ਮਿਲਾਇਆ। ਉਸ ਨੇ ਰਾਜਾ ਰਾਮ ਸਿੰਘ ਦਾ ਸਵਾਗਤ ਕੀਤਾ। ਉਸ ਨੂੰ ਤੋਹਫ਼ੇ ਵਜੋਂ ਹਾਥੀ, ਘੋੜੇ ਅਤੇ ਹਥਿਆਰ ਤਾਂ ਦਿੱਤੇ ਹੀ ਨਾਲ ਹੀ ਉਸ ਇਲਾਕੇ ਦੇ ਕੁਝ ਭੇਤ ਵੀ ਦਿੱਤੇ। ਇਹ ਵੀ ਸਮਝਾਇਆ ਕਿ ਬ੍ਰਹਮਪੁੱਤਰ ਦਰਿਆ ਤੋਂ ਇਲਾਵਾ ਹੋਰ ਕਿਸੇ ਥਾਂ ਦਾ ਪਾਣੀ ਨਹੀਂ ਪੀਣਾ। ਔਰਤਾਂ ਤੋਂ ਬਚ ਕੇ ਰਹਿਣਾ।

ਗੁਰੂ ਸਾਹਿਬ ਜੀ ਨੇ ਬ੍ਰਹਮਪੁੱਤਰ ਪਾਰ ਕਰਕੇ ਧੁਬੜੀ ਦੇ ਅਸਥਾਨ ਤੇ ਡੇਰਾ ਕੀਤਾ। ਇਥੇ ਹੁਣ ਗੁਰਦੁਆਰਾ ਦਮਦਮਾ ਸਾਹਿਬ ਹੈ। ਰਾਜਾ ਰਾਮ ਸਿੰਘ ਦੀਆਂ ਫ਼ੌਜਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਲਈ ਜਗ੍ਹਾ ਨੂੰ ਉੱਚਾ ਕਰਕੇ ਟਿਕਾਣਾ ਬਣਾ ਦਿੱਤਾ। ਓਧਰ ਗੁਹਾਟੀ ਦੇ ਰਾਜੇ ਚਕ੍ਰਧਵੱਜ ਨੂੰ ਫ਼ੌਜਾਂ ਦੀ ਚੜ੍ਹਾਈ ਦਾ ਪਤਾ ਲਗਿਆ, ਉਹ ਵੀ ਆਪਣੀਆਂ ਫ਼ੌਜਾਂ ਲੈ ਆਇਆ। ਉਹਨਾਂ ਨੇ ਛਾਉਣੀ ਬ੍ਰਹਮਪੁੱਤਰ ਦੇ ਦੂਜੇ ਪਾਸੇ ਪਾ ਲਈ। ਗੁਰੂ ਸਾਹਿਬ ਜੀ ਉਸਦੀ ਨੀਤੀ ਨੂੰ ਸਮਝ ਗਏ ਕਿ ਇਹ ਰਾਤ ਨੂੰ ਦਰਿਆ ਦਾ ਵਹਾਅ ਬਦਲ ਦੇਣਗੇ। ਉਹਨਾਂ ਨੇ ਰਾਜਾ ਰਾਮ ਸਿੰਘ ਨੂੰ ਫ਼ੌਜਾਂ ਪਿਛੇ ਹਟਾਉਣ ਲਈ ਕਿਹਾ। ਜਦੋਂ ਉਸ ਨੇ ਫ਼ੌਜਾਂ ਨੂੰ ਹੁਕਮ ਦਿੱਤਾ ਤਾਂ ਉਸ ਦੀਆਂ ਫ਼ੌਜਾਂ ਤਾਂ ਪਿਛੇ ਹਟ ਗਈਆਂ ਪਰ ਔਰੰਗਜ਼ੇਬ ਦੇ ਸਿਪਾਹੀ ਆਪਣੀ ਹਉਮੈ ਵਿਚ ਰਹੇ ਅਤੇ ਪਿਛੇ ਨਾ ਹਟੇ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਰਾਤ ਨੂੰ ਦਰਿਆ ਦਾ ਬਹਾਓ ਜਦੋਂ ਆਸਾਮ ਦੀ ਫ਼ੌਜ ਨੇ ਉਲਟੇ ਪਾਸੇ ਕੀਤਾ ਤਾਂ ਮੁਗਲ ਫ਼ੌਜਾਂ ਦੇ ਬਹੁਤ ਸਾਰੇ ਹਥਿਆਰ, ਗੋਲਾ ਬਾਰੂਦ ਅਤੇ ਸਿਪਾਹੀ ਰੁੜ੍ਹ ਗਏ। ਫਿਰ ਕਿਤੇ ਅਕਲ ਆਈ ਅਤੇ ਸਾਰੇ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਆ ਗਏ। ਗੁਰੂ ਸਾਹਿਬ ਜੀ ਨੇ ਹੌਂਸਲਾ ਦਿੱਤਾ ਅਤੇ 'ਸਤਿਨਾਮ' ਜਾਪ ਕਰਦੇ ਰਹਿਣ ਦਾ ਹੁਕਮ ਦਿੱਤਾ। ਮਹਾਰਾਜਾ ਚਕ੍ਰਧਵੱਜ ਨੇ 2-3 ਜਾਦੂਗਰਨੀਆਂ ਵੀ ਛੱਡੀਆਂ, ਜਿਹਨਾਂ ਨੇ ਆਪਣੀ ਮੰਤਰ ਸ਼ਕਤੀ ਵਰਤਦੇ ਹੋਏ ਅੱਗ ਦੇ ਗੋਲੇ, ਵੱਡੇ ਪੱਥਰ ਅਤੇ ਦਰਖ਼ਤ ਉਖਾੜ ਕੇ ਰਾਜਾ ਰਾਮ ਸਿੰਘ ਦੀਆਂ ਫ਼ੌਜਾਂ ਵੱਲ ਸੁੱਟੇ ਪਰ ਉਹਨਾਂ ਦਾ ਅਸਰ ਉਹਨਾਂ ਦੀਆਂ ਆਪਣੀਆਂ ਫ਼ੌਜਾਂ ਤੇ ਹੀ ਹੁੰਦਾ ਰਿਹਾ। ਜਦੋਂ ਇਹ ਸੱਭ ਬੇਕਾਰ ਹੋ ਗਿਆ ਤਾਂ ਚਕ੍ਰਧਵੱਜ ਨੇ 'ਕਾਮਾਖਿਆ ਦੇਵੀ' ਦੀ ਪੂਜਾ ਅਰਚਨਾ ਕੀਤੀ। ਕਿਹਾ ਜਾਂਦਾ ਹੈ ਕਿ ਦੇਵੀ ਨੇ ਉਸ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਜਾਣ ਦਾ ਹੁਕਮ ਕੀਤਾ।



ਅਗਲੇ ਦਿਨ ਰਾਜਾ ਚਕ੍ਰਧਵੱਜ ਆਪਣੀ ਮਾਤਾ ਜੀ ਨੂੰ ਨਾਲ ਲੈ ਕੇ ਬਹੁਤ ਸਾਰੇ ਤੋਹਫ਼ੇ ਲੈ ਕੇ ਹਾਜ਼ਰ ਹੋਇਆ ਅਤੇ ਚਰਨਾਂ ਤੇ ਨਮਸਕਾਰ ਕੀਤੀ। ਗੁਰੂ ਸਾਹਿਬ ਜੀ ਨੇ ਰਾਜਾ ਰਾਮ ਸਿੰਘ ਨੂੰ ਵੀ ਬੁਲਾ ਲਿਆ। ਦੋਹਾਂ ਨੂੰ ਸਮਝਾਉਂਦੇ ਹੋਏ ਕਿਹਾ, "ਤੁਹਾਨੂੰ ਆਪਸ ਵਿਚ ਨਹੀਂ ਲੜਨਾ ਚਾਹੀਦਾ। ਤੁਹਾਡੀ ਦੋਹਾਂ ਦੀ ਲੜਾਈ ਵਿਚ ਕੋਈ ਤੀਜਾ ਫ਼ਾਇਦਾ ਉਠਾ ਰਿਹਾ ਹੈ। ਤੁਹਾਡਾ ਖੱਤਰੀ ਧਰਮ ਤੁਹਾਨੂੰ ਲੜਾਈ ਦੀ ਪ੍ਰੇਰਨਾ ਦਿੰਦਾ ਹੈ ਪਰ ਆਪਸ ਵਿਚ ਨਹੀਂ। ਭਰਾ-ਭਰਾ ਦੀ ਜੰਗ ਮਾਰੂ ਹੁੰਦੀ ਹੈ ਤੇ ਖਾਨਦਾਨ ਤਬਾਹ ਕਰ ਦਿੰਦੀ ਹੈ। ਪਰਿਵਾਰ ਦਾ ਇਹ ਨੁਕਤਾ

ਕਬੀਲਿਆਂ ਤੇ ਰਿਆਸਤਾਂ ਤੇ ਵੀ ਲਾਗੂ ਹੁੰਦਾ ਹੈ।" ਗੁਰੂ ਸਾਹਿਬ ਜੀ ਨੇ ਦੋਹਾਂ ਨੂੰ ਗਲੇ ਮਿਲਣ ਲਈ ਕਿਹਾ। ਰਿਆਸਤ ਦਾ ਸਮਝੌਤਾ ਗੁਰੂ ਸਾਹਿਬ ਜੀ ਨੇ ਇਕ ਖੰਜਰ ਆਪਣੇ ਮੁਬਾਰਕ ਹੱਥਾਂ ਵਿਚ ਲੈ ਕੇ ਜ਼ੋਰ ਦੀ ਵਗਾਹ ਕੇ ਮਾਰਿਆ ਅਤੇ ਫ਼ੈਸਲਾ ਸੁਣਾਇਆ ਕਿ ਖੰਜਰ ਤੋਂ ਉਸ ਪਾਸੇ ਦੀ ਰਿਆਸਤ ਆਸਾਮ ਦੀ ਅਤੇ ਇਸ ਪਾਸੇ ਦੀ ਰਿਆਸਤ ਦਿੱਲੀ ਦੀ। ਜਿਸ ਥਾਂ ਤੇ ਖੰਜਰ ਗਿਰਿਆ, ਉਹ ਥਾਂ ਅੱਜ ਵੀ 'ਗੁਰ ਖੰਜਰ ਪੁਰ' ਕਹਾਉਂਦੀ ਹੈ।



ਗੁਰੂ ਸਾਹਿਬ ਜੀ ਉਸ ਅਸਥਾਨ ਤੇ ਵੀ ਗਏ ਜਿਥੇ ਗੁਰੂ ਨਾਨਕ ਸਾਹਿਬ ਜੀ ਵੀ ਆਪਣੀ ਅਸਾਮ ਯਾਤਰਾ ਸਮੇਂ ਰੁਕੇ ਸਨ। ਸਾਰੇ ਫ਼ੌਜੀਆਂ ਨੇ ਆਪਣੀਆਂ ਢਾਲਾਂ ਵਿਚ ਮਿੱਟੀ ਭਰ ਕੇ ਉਸ ਥਾਂ ਨੂੰ ਉਚਾ ਕਰਕੇ ਇਕ ਥੜਾ ਬਣਾ ਦਿਤਾ। ਇਥੇ ਗੁਰੂ ਸਾਹਬ ਜੀ ਆਪ ਕੀਰਤਨ ਉਪਦੇਸ਼ ਕਰਦੇ ਰਹੇ। ਇਕ ਦਿਨ ਰਾਜੇ ਚਕ੍ਰਧਵੱਜ ਨੇ ਪੁੱਛਿਆ ਕਿ ਮੈਂ ਕੁਝ ਹਿੰਦੂ ਫ਼ੌਜੀਆਂ ਨੂੰ ਦਰਿਆ ਵਿਚੋਂ ਪਾਣੀ ਲੈ ਕੇ ਚੁਲੀਆਂ ਕਰਦੇ ਤੇ ਫਿਰ ਆਪਣੇ ਉਪਰੋਂ ਪਾਣੀ ਸੁੱਟਦੇ ਵੇਖਿਆ ਹੈ। ਇਸ ਦੇ ਪਿੱਛੇ ਕੀ ਸਿਧਾਂਤ ਹੈ। ਗੁਰੂ ਸਾਹਿਬ ਜੀ ਨੇ ਕਿਹਾ, "ਇਸ ਦਾ ਮਕਸਦ ਤਾਂ ਉਹਨਾਂ ਦਾ ਸੁੱਚੇ ਹੋਣਾ ਹੀ ਹੈ ਪਰ ਚੁਲ਼ੀਆਂ ਪਾਣੀ ਦੀਆਂ ਨਹੀਂ, ਅਸਲੀ ਚੁਲ਼ੀ ਗਿਆਨ, ਜਤੁ (ਕੁਆਰਪਨ), ਸਬਰ,ਦਾਨ ਤੇ ਨਿਆਂ ਦੀ ਹੈ, ਜੋ ਸਾਨੂੰ ਵੱਡੇ ਗੁਰੂ ਨਾਨਕ ਸਾਹਿਬ ਜੀ ਆਪਣੇ ਸ਼ਬਦ ਵਿਚ ਸਮਝਾ ਗਏ ਹਨ। ਫਿਰ ਗੁਰੂ ਸਾਹਿਬ ਜੀ ਨੇ ਉਸ ਸ਼ਬਦ ਦਾ ਗਾਇਨ ਕੀਤਾ:

ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ॥

ਬਾਅਦ ਵਿਚ ਇਸ ਜਗ੍ਹਾ ਤੇ ਰਾਜੇ ਚਕ੍ਰਧਵੱਜ ਨੇ ਗੁਰਦੁਆਰਾ ਬਣਵਾ ਦਿੱਤਾ। ਇਸ ਅਸਥਾਨ ਨੂੰ ਹੁਣ 'ਤੇਗਪੁਰ' ਕਹਿੰਦੇ ਹਨ।

ਆਸਾਮ ਤੋਂ ਫਿਰ ਸਤਿਗੁਰੂ ਜੀ ਢਾਕਾ ਆ ਗਏ। ਉਥੋਂ ਦੱਖਣੀ ਆਸਾਮ ਦੀ ਯਾਤਰਾ ਕਰਦੇ ਰੰਗਮਤੀ, ਮਨੀਪੁਰ ਤੋਂ ਕਲਕੱਤੇ ਦੇ ਰਸਤੇ ਵਿਚ ਅਨੇਕਾਂ ਥਾਵਾਂ ਤੇ ਪੜਾਅ ਕਰਦੇ ਅਤੇ ਸੰਗਤ ਕਾਇਮ ਕਰਦੇ ਹੋਏ ਗੁਰੂ ਸਾਹਿਬ ਜੀ ਕਲਕੱਤੇ ਪਹੁੰਚ ਗਏ। ਵਿਸਾਖੀ ਗੁਰੂ ਸਾਹਿਬ ਜੀ ਕਲਕੱਤੇ ਵਿਚ ਮਨਾ ਕੇ ਅੱਗੇ ਬਾਲੇਸ਼ਵਰ ਅਤੇ ਕੰਚਨਪੁਰ ਹੁੰਦੇ ਹੋਏ ਰੱਥ ਯਾਤਰਾ ਦੇ ਸਮੇਂ ਜਗਨ ਨਾਥ ਪੁਰੀ ਪੁਹੰਚ ਗਏ। ਆਪਣਾ ਟਿਕਾਣਾ 'ਮੰਗੂ ਮੱਠ' ਵਿਖੇ ਕੀਤਾ ਅਤੇ ਗੁਰੂ ਨਾਨਕ ਸਾਹਿਬ ਜੀ ਦਾ ਉਪਦੇਸ਼ ਦ੍ਰਿੜ ਕਰਾਉਂਦੇ ਹੋਏ 'ਆਰਤੀ' ਦਾ ਗਾਇਨ ਕੀਤਾ। ਉੜੀਸਾ ਵਿਚ ਹੀ ਗੁਰੂ

ਸਾਹਿਬ ਜੀ ਨੂੰ ਇਹ ਖ਼ਬਰ ਮਿਲੀ ਕਿ ਔਰੰਗਜ਼ੇਬ ਨੇ ਆਪਣੀ ਧਾਰਮਿਕ ਨੀਤੀ ਦਾ ਐਲਾਨ ਕਰ ਦਿੱਤਾ ਹੈ। ਜਿਸ ਅਨੁਸਾਰ ਮੰਦਰ ਗੁਰਦੁਆਰੇ ਢਾਹੇ ਜਾ ਰਹੇ ਹਨ। ਪੂਜਾ ਪਾਠ ਕਰਨ ਦੀ ਮਨਾਹੀ ਹੋ ਗਈ ਹੈ। ਗੁਰੂ ਸਾਹਿਬ ਜੀ ਨੇ ਹੁਣ ਪੰਜਾਬ ਆਉਣ ਦਾ ਫ਼ੈਸਲਾ ਕਰ ਲਿਆ। ਇਸ ਲਈ ਉਹ ਭੁਵਨੇਸ਼ਵਰ ਅਤੇ ਕਟਕ ਦੇ ਰਸਤੇ ਬਹੁਤ ਘੱਟ ਪੜਾਅ ਕਰਦੇ ਹੋਏ ਪਟਨਾ ਪੁੱਜੇ। ਸਾਰੇ ਪਟਨਾ ਵਾਸੀਆਂ ਨੇ ਬਹੁਤ ਖੁਸ਼ੀ ਮਨਾਈ। ਗੁਰੂ ਸਾਹਿਬ ਜੀ ਬਾਲਕ (ਗੁਰੂ) ਗੋਬਿੰਦ ਰਾਏ ਜੀ ਨੂੰ ਉਹਨਾਂ ਦੇ ਪ੍ਰਕਾਸ਼ ਤੋਂ ਲਗਭੱਗ ਢਾਈ ਸਾਲ ਬਾਅਦ ਮਿਲੇ।

ਗੁਰੂ ਸਾਹਿਬ ਜੀ ਪਟਨਾ ਵਿਚ ਪਰਿਵਾਰ ਨਾਲ ਲੱਗਭੱਗ 3 ਮਹੀਨੇ ਰਹੇ। ਫਿਰ ਗੁਰੂ ਸਾਹਿਬ ਜੀ ਨੇ ਇਹ ਫ਼ੈਸਲਾ ਕੀਤਾ ਕਿ ਪਰਿਵਾਰ ਅਜੇ ਪਟਨੇ ਵਿਖੇ ਹੀ ਰਹੇਗਾ। ਜਦੋਂ ਉਹ ਚੱਕ ਨਾਨਕੀ ਤੋਂ ਪਰਿਵਾਰ ਨੂੰ ਆਉਣ ਦਾ ਸੁਨੇਹਾ ਭੇਜਣਗੇ ਤਾਂ ਹੀ ਪੰਜਾਬ ਦੇਸ਼ ਵਿਚ ਆਉਣਾ।

************************

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪ੍ਰਭਾਵ


( ਪੰਨਾਂ 33 ਤੋਂ ਅੱਗੇ)

ਜਾਗੀ ਹੋਈ ਜ਼ਮੀਰ ਹੀ ਮੁਗਲੀਆ ਹਕੂਮਤ ਲਈ ਵੰਗਾਰ ਬਣੀ ਜਿਸ ਨੇ
ਇਹ ਹੁਕਮ ਕੀਤਾ ਹੋਇਆ ਸੀ ਕਿ ਕੋਈ ਗ਼ੈਰ ਮੁਸਲਿਮ
ਹਥਿਆਰ ਨਹੀਂ ਰੱਖ ਸਕੇਗਾ ਫੌਜੀ ਵਰਦੀ ਨਹੀਂ ਪਹਿਨ ਸਕੇਗਾ, ਪਰ
ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ
ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੂੰ ਸਰਦਾਰੀਆਂ ਬਖਸ਼ਣ ਦਾ ਮਨ ਬਣਾ ਲਿਆ।
ਉਹਨਾਂ ਨੇ ਐਲਾਨ ਕੀਤਾ ਮੇਰਾ ਖਾਲਸਾ ਹਥਿਆਰ ਵੀ ਰੱਖੇਗਾ,
ਵਰਦੀਆਂ ਵੀ ਪਹਿਨੇਗਾ, ਨਗਾਰੇ ਵੀ ਵਜਾਏਗਾ, ਘੋੜ ਸਵਾਰੀ ਵੀ ਕਰੇਗਾ,
ਸਾਡਾ ਸਿੱਖ ਸੰਤ ਵੀ ਹੋਵੇਗਾ ਅਤੇ ਸਿਪਾਹੀ ਵੀ ਹੋਵੇਗਾ
ਇਸ ਦੇ ਨਤੀਜੇ ਵਜੋਂ
'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ'
ਦਾ ਨਾਅਰਾ ਬੁਲੰਦ ਹੋਇਆ ਅਤੇ "ਖਾਲਸਾ ਪੰਥ" ਦੀ ਸਾਜਨਾ ਹੋਈ।
ਜਾਗੀ ਹੋਈ ਜ਼ਮੀਰ ਨੇ 'ਜੈ ਤੇਗੰ' ਕਹਿ ਕੇ ਲਲਕਾਰਿਆ।
" ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ॥
ਜੈ ਜੈ ਜਗ ਕਾਰਣ ਸ੍ਰਿਸ਼ਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥

**********************

## 'ਮਦ੍ਰ ਦੇਸ ਹਮ ਕੋ ਲੇ ਆਏ'

ਗੁਰੂ ਸਾਹਿਬ ਜੀ ਦੀ ਪਟਨਾ ਤੋਂ ਪੰਜਾਬ ਦੀ ਵਾਪਸੀ ਸਮੇਂ ਬਾਲਕ (ਗੁਰੂ) ਗੋਬਿੰਦ ਰਾਏ ਜੀ ਨੇ ਪਿਤਾ ਗੁਰੂ ਜੀ ਨੂੰ ਇਹ ਕਿਹਾ ਸੀ ਕਿ ਸਾਨੂੰ ਵੀ ਆਪਣੇ ਨਾਲ ਲੈ ਚਲੋ। ਇਥੇ ਹੁਣ ਦਿਲ ਨਹੀਂ ਲਗਦਾ। ਸੂਰਜ ਪ੍ਰਕਾਸ਼ ਗ੍ਰੰਥ ਵਿਚ ਇਤਿਹਾਸਕ ਬੋਲ ਹਨ,'ਨਹਿ ਇਸ ਦੇਸ ਰਹਿਨ ਹਮ ਭਾਵੈ। ਤਿਤ ਹੀ ਤੁਮਰੇ ਸੰਗ ਸਿਧਾਵੈ।' ਪਿਤਾ ਗੁਰੂ ਜੀ ਨੇ ਲਾਡ ਕਰਦੇ ਹੋਏ ਕਿਹਾ ਸੀ, 'ਚੱਕ ਨਾਨਕੀ' ਪਹੁੰਚ ਕੇ ਅਸੀਂ ਕੁਝ ਸਮੇਂ ਪਿਛੋਂ ਸਾਰੇ ਪਰਿਵਾਰ ਨੂੰ ਬੁਲਾ ਲਵਾਂਗੇ। ਇਤਨੇ ਵਿਚ ਤੁਸੀਂ ਵੱਡੇ ਵੀ ਹੋ ਜਾਵੋਗੇ।' ਇਤਹਾਸ ਦੇ ਬੋਲ ਹਨ,'ਇਤਨੇ ਮਹਿ ਇਹ ਸਾਹਿਬਜ਼ਾਦਾ। ਵਧਹਿ ਸਰੀਰ ਓਜ ਹੋਇ ਜਯਾਦਾ।' ਪੰਜਾਬ ਪੁੱਜਣ ਲਈ ਗੁਰੂ ਸਾਹਿਬ ਜੀ ਨੇ ਛੋਟੇ ਰਸਤੇ ਤੋਂ ਜਾਣ ਦੀ ਯੋਜਨਾ ਬਣਾਈ। ਉਹਨਾਂ ਨੇ ਜ਼ਿਆਦਾ ਲੰਬੇ ਪੜਾਅ ਨਹੀਂ ਕੀਤੇ। ਪਟਨਾ ਤੋਂ ਚੱਲ ਕੇ ਗੁਰੂ ਸਾਹਿਬ ਜੀ ਛੇ ਮਹੀਨੇ ਵਿਚ ਅੱਜ ਦੇ ਉਤਰ ਪ੍ਰਦੇਸ਼ ਵਿਚੋਂ ਹੁੰਦੇ ਹੋਏ ਦਿੱਲੀ ਪੁੱਜ ਗਏ। ਨਵਾਬ ਸੈਫ਼ ਖਾਨ ਦਿੱਲੀ ਜਾ ਕੇ ਗੁਰੂ ਸਾਹਿਬ ਜੀ ਨੂੰ ਮਿਲਿਆ ਅਤੇ ਉਹਨਾਂ ਨੂੰ ਬਹੁਤ ਸਤਿਕਾਰ ਨਾਲ ਚੱਕ ਨਾਨਕੀ ਜੀ ਲੈ ਕੇ ਆਇਆ। ਸੰਗਤ ਉਹਨਾਂ ਨੂੰ ਅੱਗੇ ਆ ਕੇ ਲੈਣ ਵਾਸਤੇ ਆਈ। ਸੰਗਤ ਵੱਲੋਂ ਗੁਰੂ ਸਾਹਿਬ ਜੀ ਦੇ ਪੰਜਾਬ ਪਹੁੰਚਣ ਤੇ ਖੁਸ਼ੀ ਮਨਾਈ ਗਈ। ਸੰਗਤਾਂ ਗੁਰੂ ਸਾਹਿਬ ਜੀ ਨੂੰ ਸਾਰੇ ਪੰਜਾਬ ਵਿਚੋਂ ਮਿਲਣ ਲਈ ਆ ਰਹੀਆਂ ਸਨ। ਗੁਰੂ ਸਾਹਿਬ ਜੀ ਸੱਭ ਨੂੰ ਬਹੁਤ ਆਦਰ ਦਿੰਦੇ। ਸੰਗਤ ਕਥਾ ਕੀਰਤਨ ਦਾ ਆਨੰਦ ਮਾਣਦੀ ਅਤੇ ਜਾਣ ਲੱਗੇ ਗੁਰੂ ਸਾਹਿਬ ਜੀ ਨੂੰ ਆਪਣੇ ਨਗਰ ਵਿਚ ਚਰਨ ਪਾਉਣ ਦੀ ਬੇਨਤੀ ਕਰਕੇ ਜਾਂਦੀ।



ਇਸ ਤਰਾਂ 2 ਸਾਲ ਬੀਤ ਗਏ। ਨਗਰ ਦੀ ਉਸਾਰੀ ਲੱਗਭੱਗ ਮੁਕੰਮਲ ਹੋ ਚੁੱਕੀ ਸੀ। ਬਾਹਰੀ ਰੰਗ ਰੋਗਨ ਚੱਲ ਰਿਹਾ ਸੀ। ਗੁਰੂ ਸਾਹਿਬ ਜੀ ਮਾਲਵੇ ਦੀ ਯਾਤਰਾ ਤੇ ਜਾਣ ਦੀ ਯੋਜਨਾ ਬਣਾ ਰਹੇ ਸਨ। ਇਸ ਤੋਂ ਪਹਿਲਾਂ ਉਹ (ਗੁਰੂ) ਗੋਬਿੰਦ ਰਾਏ ਜੀ ਨੂੰ ਪੰਜਾਬ ਬੁਲਾਉਣਾ ਚਾਹੁੰਦੇ ਸਨ। ਉਹਨਾਂ ਨੇ ਇਕ ਸਿੱਖ ਦੇ ਹੱਥ ਪਰਿਵਾਰ ਲਈ ਇਕ ਪੱਤਰ ਲਿਖ ਕੇ ਪਟਨਾ ਵਿਖੇ ਭੇਜਿਆ। ਜਿਸ ਵਿਚ ਖਾਸ ਹਦਾਇਤਾਂ ਕੀਤੀਆਂ ਕਿ ਕਾਹਲੀ ਨਹੀ ਕਰਨੀ, ਲੰਮੀ ਮੰਜ਼ਿਲ ਨਹੀ ਕਰਨੀ ਤਾਂ ਕਿ ਬਾਲਕ ਨੂੰ ਕੋਈ ਤਕਲੀਫ਼ ਨਾ ਹੋਵੇ। ਇਤਿਹਾਸ ਅਨੁਸਾਰ ਚਿੱਠੀ ਦੇ ਬੋਲ ਕੁਝ ਇਸ ਤਰ੍ਹਾਂ ਸਨ:

'ਲਿਖੀ ਪੱਤ੍ਰਿਕਾ ਅਖਿਲ ਹਵਾਲ। ਪਠਿ ਕਰਿ ਚਲਹੁ ਬਿਲਮ ਸਭ ਟਾਲਿ।
ਆਇ ਅਪਨੋ ਨਗਰ ਸੰਭਾਰਹਿ। ਹਮ ਜਹਿ ਜਾਨੋ ਤਹਾ ਸਿਧਾਰਹਿ।'

ਗੁਰੂ ਤੇਗ ਬਹਾਦਰ ਜੀ ਵੱਲੋਂ ਆਈ ਚਿੱਠੀ ਦੀ ਖ਼ਬਰ ਸੰਗਤ ਵਿਚ ਫੈਲਦੇ ਦੇਰ ਨਾ ਲੱਗੀ। ਬਾਲ ਗੋਬਿੰਦ ਰਾਏ ਦੇ ਚੋਜਾਂ ਦੇ ਕਾਰਨ ਉਹਨਾਂ ਨਾਲ ਸੰਗਤ ਦਾ ਪਿਆਰ ਇਤਨਾ ਪੈ ਚੁੱਕਾ ਸੀ ਕਿ ਵਿਛੋੜਾ ਅਸਿਹ ਸੀ, ਬਾਲ (ਗੁਰੂ) ਸਾਹਿਬ ਜੀ ਨੇ ਸੱਭ ਨੂੰ ਉਹਨਾਂ ਦੀਆਂ ਭਾਵਨਾਵਾਂ ਅਨੁਸਾਰ ਜੁਗਤੀਆਂ ਦੱਸ ਕੇ ਭਰੋਸਾ ਦਿੱਤਾ ਕਿ ਦਰਸ਼ਨ ਹੁੰਦੇ ਰਹਿਣਗੇ। ਰਾਣੀ ਮੈਣੀ ਨੂੰ ਕਿਹਾ ਕਿ ਜਦੋਂ ਬੱਚਿਆਂ ਨੂੰ ਪੂਰੀ ਛੋਲੇ ਖਵਾਉਗੇ, ਮੈਂ ਵੀ ਵਿਚ ਬੈਠ ਕੇ ਖਾਂਦਾ ਦਿਸਾਂਗਾ। ਨਵਾਬ ਰਹੀਮ ਬਖ਼ਸ਼ ਨੂੰ ਕਿਹਾ ਕਿ ਜਦੋਂ ਜਪੁਜੀ ਦਾ ਪਾਠ ਕਰੋਗੇ, ਉਹ ਕੋਲ ਬੈਠ ਕੇ ਸੁਣਨਗੇ। ਪੰਡਿਤ ਸ਼ਿਵ ਦੱਤ ਨੂੰ ਰੋਜ਼ ਅੰਮ੍ਰਿਤ ਵੇਲੇ ਦਰਸ਼ਨ ਦੇਣ ਦਾ ਭਰੋਸਾ ਦਿੱਤਾ। ਸਾਰੀ ਸੰਗਤ ਨੂੰ ਵਰ ਬਖਸ਼ਿਆ ਕਿ ਜੋ ਵੀ 'ਹਰਿਮੰਦਰ' ਵਿਚ ਅੰਮ੍ਰਿਤ ਵੇਲੇ ਹਾਜ਼ਰ ਹੋ ਕੇ 'ਆਸਾ ਦੀ ਵਾਰ' ਸੁਣੇਗਾ, ਉਹ ਸਾਡੇ ਦਰਸ਼ਨ ਪਾਵੇਗਾ। ਢਾਕਾ ਦੀ ਸੰਗਤ ਵੱਲੋਂ ਭੇਟਾ ਕੀਤੀ ਸੋਨੇ ਦੀ ਪਾਲਕੀ ਵਿਚ ਬੈਠ ਮਾਤਾ ਜੀ ਅਤੇ ਗੁਰਸਿੱਖਾਂ ਦੇ ਨਾਲ ਪੰਜਾਬ ਵੱਲ ਚੱਲ ਪਏ। ਦਾਨਾ ਪੁਰ ਤੱਕ ਸੰਗਤ ਨਾਲ ਆਈ। (ਗੁਰੂ) ਗੋਬਿੰਦ ਰਾਏ ਜੀ ਦੇ ਆਪਣੇ ਬਚਨ 'ਕੀਨੀ ਅਨਿਕ ਭਾਂਤਿ ਤਨ ਰੱਛਾ' ਅਨੁਸਾਰ ਗੁਰੂ ਪਿਤਾ ਜੀ ਨੇ ਰਸਤੇ ਦੇ ਸਾਰੇ ਇੰਤਜ਼ਾਮ ਕਰ ਦਿਤੇ ਹੋਏ ਸਨ। ਫਿਰ ਵੀ ਤਿਆਰੀ ਕਰ ਕੇ ਸ਼ਰਧਾਵਾਨ ਸਿੱਖ ਪਹਿਲਾਂ ਸਵਾਗਤ ਲਈ ਖੜੇ ਰਹਿੰਦੇ ਸਨ। ਮਾਰਚ 1673 ਈਸਵੀ ਵਿਚ (ਗੁਰੂ) ਗੋਬਿੰਦ ਰਾਏ ਜੀ ਕੀਰਤਪੁਰ ਸਾਹਿਬ ਪਹੁੰਚ ਗਏ। ਮੁਖੀ ਸਿੱਖ ਉਹਨਾਂ ਦੇ ਸਵਾਗਤ ਲਈ ਉਥੇ ਪੁੱਜੇ ਹੋਏ ਸਨ। ਉਹ ਉਹਨਾਂ ਨੂੰ ਚੱਕ ਨਾਨਕੀ ਤੱਕ ਲੈ ਕੇ ਆਏ। ਨਗਰ ਦੇ ਬਾਹਰ ਗੁਰੂ ਤੇਗ ਬਹਾਦਰ ਸਾਹਿਬ ਆਪ ਖੜੇ ਸਨ। (ਗੁਰੂ) ਗੋਬਿੰਦ ਰਾਏ ਜੀ ਨੇ ਨਗਰ ਵਿਚ ਪਹਿਲਾ ਚਰਨ ਪਾਉਣ ਤੋਂ ਬਾਅਦ ਖੜੇ ਹੋ ਕੇ ਗੁਰੂ ਅਮਰ ਦਾਸ ਜੀ ਦੀ ਰਚੀ ਹੋਈ ਬਾਣੀ 'ਅਨੰਦ ਸਾਹਿਬ' ਦੀਆਂ ਪਹਿਲੀਆਂ ਪੰਜ ਪਉੜੀਆਂ ਦਾ ਪਾਠ ਕੀਤਾ। ਖੁਸ਼ ਹੋ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਨਗਰ ਦਾ ਨਾਮ ਹੀ 'ਆਨੰਦ ਪੁਰ' ਰੱਖ ਦਿੱਤਾ।

ਪਿਤਾ ਗੁਰੂ ਜੀ ਨੇ ਬਾਲ ਗੋਬਿੰਦ ਜੀ ਦੀ 'ਭਾਂਤਿ ਭਾਂਤਿ ਕੀ ਸਿੱਛਾ' ਦੇਣ ਦਾ ਪ੍ਰਬੰਧ ਕੀਤਾ ਹੋਇਆ ਸੀ। ਭਾਈ ਹਰਿਜੱਸ ਰਾਇ ਨੇ ਗੁਰਮੁੱਖੀ ਸਿਖਾਈ। ਸੰਸਕ੍ਰਿਤ ਦੀ ਜ਼ਿਮੇਂਵਾਰੀ ਪੰਡਿਤ ਕਿਰਪਾ ਰਾਮ ਨੂੰ ਸੌਂਪੀ ਗਈ। ਫ਼ਾਰਸੀ ਦਾ ਗਿਆਨ ਮੁਨਸ਼ੀ ਪੀਰ ਮੁਹੰਮਦ ਨੇ ਦਿੱਤਾ। ਘੋੜ ਸਵਾਰੀ ਤੇ ਸ਼ਸੱਤਰ ਵਿਦਿਆ ਦੇਣ ਦੀ ਸੇਵਾ ਵਜ਼ੀਰਾਬਾਦ ਦੇ ਬੱਜਰ ਸਿੰਘ ਨੇ ਆਪ ਮੰਗ ਕੇ ਲੈ ਲਈ। ਇਸ ਤਰ੍ਹਾਂ ਸਾਰੀ ਵਿਦਿਆ ਦਾ ਪ੍ਰਬੰਧ ਕਰ ਕੇ ਕੁਝ ਸਮੇਂ ਪਿਛੋਂ ਗੁਰੂ ਸਾਹਿਬ ਜੀ ਨੇ ਮਾਲਵੇ ਦੇ ਸਿੱਖਾਂ ਦੀਆਂ ਸ਼ਰਧਾ ਨਾਲ ਕੀਤੀਆਂ ਬੇਨਤੀਆਂ ਪੂਰੀਆਂ ਕਰਨ ਲਈ ਜਾਣਾ ਸੀ, ਇਸ ਲਈ ਭੈਣ ਵੀਰੋ ਜੀ ਨੂੰ ਮਿਲਣ ਵਾਸਤੇ 'ਮੱਲਾ' ਪਿੰਡ ਵਿਚ ਗਏ। ਉਥੋਂ ਉਹਨਾਂ ਨੂੰ ਬੇਨਤੀ ਕਰਕੇ ਉਹਨਾਂ ਦੇ ਪੰਜੇ ਪੁੱਤਰਾਂ ਨੂੰ ਆਨੰਦਪੁਰ ਲੈ ਆਏ। ਸਾਰੀ ਜ਼ਿੰਮੇਵਾਰੀ ਉਹਨਾਂ ਨੂੰ ਸੌਂਪ ਕੇ ਆਪ ਅਕਤੂਬਰ 1673 ਈਸਵੀ ਨੂੰ ਮਾਲਵਾ ਯਾਤਰਾ ਲਈ ਰਵਾਨਾ ਹੋ ਗਏ। ਇਸ ਯਾਤਰਾ ਦਾ ਸਮਾਂ ਤਕਰੀਬਨ ਇਕ ਸਾਲ ਸੀ।

***********************

# 'ਕੀਨੋ ਬਡੋ ਕਲੂ ਮਹਿ ਸਾਕਾ'

ਬਚਿੱਤਰ ਨਾਟਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੈ,"ਸਾਧਨ ਹੇਤਿ ਇਤਿ ਜਨਿ ਕਰੀ॥ ਸੀਸ ਦੀਆ ਪਰ ਸੀ ਨਾ ਉਚਰੀ॥" ਇਸ ਦੇ ਅਰਥ ਹਨ ਕਿ ਸਾਧੂ ਪੁਰਸ਼ਾਂ ਦੇ ਧਰਮ ਨੂੰ ਬਚਾਉਣ ਲਈ ਬਿਨਾਂ ਕਿਸੇ ਤਕਲੀਫ਼ - ਦੁੱਖ - ਦਰਦ ਤੋਂ ਆਪਣਾ ਸੀਸ ਬਲੀਦਾਨ ਕਰਕੇ ਅੱਤ (ਹੱਦ) ਹੀ ਕਰ ਦਿੱਤੀ। ਇਕ ਹੋਰ ਅੱਤ ਇਹ ਵੀ ਸੀ ਕਿ ਜਿਸ ਹਿੰਦੂ ਧਰਮ ਨੂੰ ਬਚਾਉਣ ਦੀ ਖਾਤਰ ਆਪਣਾ ਬਲੀਦਾਨ ਦਿੱਤਾ, ਉਹ ਉਹਨਾਂ ਦਾ ਆਪਣਾ ਧਰਮ ਨਹੀ ਸੀ। ਉਹ ਨਾ ਤਾਂ ਤਿਲਕ ਲਗਾਉਂਦੇ ਸਨ ਅਤੇ ਨਾ ਹੀ ਜੰਞੂ ਪਹਿਨਦੇ ਸਨ। ਅੱਤ ਤਾਂ ਇਹ ਵੀ ਸੀ ਜਦੋਂ 9 ਸਾਲ ਦੇ ਬਾਲਕ (ਗੁਰੂ) ਗੋਬਿੰਦ (ਸਿੰਘ) ਜੀ ਨੇ ਖੁਦ ਆਪਣੇ 'ਮਹਾਂਪੁਰਸ਼' ਪਿਤਾ ਗੁਰੂ ਜੀ ਨੂੰ ਸ਼ਹੀਦ ਹੋਣ ਲਈ ਭੇਜਿਆ। ਉਹਨਾਂ ਤਿੰਨ ਗੁਰਸਿੱਖਾਂ ਦੀ ਅੱਤ ਹੀ ਤਾਂ ਸੀ ਜਦੋਂ ਉਹਨਾਂ ਨੇ ਗੁਰੂ ਸਾਹਿਬ ਜੀ ਤੋਂ ਪਹਿਲਾਂ ਹੱਸ ਹੱਸ ਸ਼ਹੀਦੀ ਪ੍ਰਵਾਨ ਕੀਤੀ । ਭਾਈ ਜੈਤਾ ਜੀ ਦੀ ਜੁਅਰਤ ਵੀ ਤਾਂ ਅੱਤ ਦੀ ਸੀ ਜਿਹਨਾਂ ਨੇ ਜਾਨ ਦੀ ਪ੍ਰਵਾਹ ਨਾ ਕਰਦਿਆਂ ਗੁਰੂ ਸਾਹਿਬ ਜੀ ਦਾ ਸੀਸ ਆਨੰਦਪੁਰ ਸਾਹਿਬ ਪਹੁੰਚਾਇਆ। ਭਾਈ ਲੱਖੀ ਸ਼ਾਹ ਦੀ ਕੁਰਬਾਨੀ ਦੀ ਵੀ ਤਾਂ ਅੱਤ ਹੀ ਸੀ ਜਿਹਨਾਂ ਆਪਣੇ ਘਰ ਨੂੰ ਹੀ ਅੱਗ ਲਗਾ ਕੇ ਗੁਰੂ ਸਾਹਿਬ ਜੀ ਦੇ ਧੜ ਦਾ ਸਸਕਾਰ ਕੀਤਾ। ਅੱਤ ਤਾਂ ਔਰੰਗਜ਼ੇਬ ਦੇ ਜ਼ੁਲਮ ਦੀ ਵੀ ਸੀ, ਉਸਦੀ ਕੱਟੜਤਾ ਦੀ ਵੀ ਸੀ। ਧਰਮੀ ਤਾਂ ਉਹ ਵੀ ਪੱਕਾ ਸੀ। ਨਮਾਜ਼ੀ ਸੀ ਪੰਜ ਵਖ਼ਤ ਦਾ, ਪਰ ਕੱਟੜ ਇਤਨਾ ਕਿ ਸੂਫ਼ੀ ਤੇ ਸ਼ੀਆ ਮੁਸਲਮਾਨਾਂ ਦਾ ਵੀ ਵਿਰੋਧੀ ਸੀ। ਉਸ ਦਾ ਹੱਥ ਲਿਖਤ 'ਪੰਚਨਾਮਾ', ਜਿਸ ਨੂੰ ਅੱਜਕੱਲ ਵਸੀਅਤ ਕਿਹਾ ਜਾਂਦਾ ਹੈ, ਉਸ ਦੀ 'ਮਰਨ-ਸੇਜਾ' ਦੇ ਸਿਰਹਾਣੇ ਹੇਠੋਂ ਮਿਲਿਆ। ਇਹ ਫ਼ਾਰਸੀ ਵਿਚ ਲਿਖੀ ਹੋਈ ਵਸੀਅਤ ਲੰਡਨ ਵਿਚ 'ਇੰਡੀਆ ਆਫ਼ਿਸ ਲਾਇਬਰੇਰੀ' ਵਿਚ ਪਈ ਹੈ। ਇਸ ਵਿਚ ਕੀਤੇ ਪਛਤਾਵੇ ਤੋਂ ਹੀ ਉਸ ਦੇ ਜ਼ੁਲਮਾਂ ਦੀ 'ਅੱਤ' ਦਾ ਪਤਾ ਲਗਦਾ ਹੈ। ਪੰਜਾਬੀ ਵਿਚ ਇਸ ਦਾ ਅਨੁਵਾਦ ਵਿਦਵਾਨਾਂ ਨੇ ਇਸ ਤਰ੍ਹਾਂ ਕੀਤਾ ਹੈ:

"ਬੁਢਾਪਾ ਆ ਗਿਆ ਹੈ। ਨਿਰਬਲ ਹੋ ਗਿਆ ਹਾਂ। ਹਰ ਅੰਗ ਨਿੱਸਲ ਹੋ ਗਿਆ ਹੈ। ਅਕੇਲਾ ਹੀ ਆਇਆ ਸਾਂ। ਹੁਣ ਅਕੇਲਾ ਹੀ ਜਾ ਰਿਹਾ ਹਾਂ। ਮੈ ਨਹੀਂ ਜਾਣਦਾ ਕਿ ਮੈਂ ਕੌਣ ਹਾਂ ਅਤੇ ਹੁਣ ਤੱਕ ਕੀ ਕਰਦਾ ਰਿਹਾ ਹਾਂ। ਜੋ ਸਮਾਂ ਮੈਂ ਨਮਾਜ਼ ਵਿਚ ਅਤੇ ਦੁਆ ਵਿਚ ਗੁਜ਼ਾਰਿਆ, ਉਸ ਤੋਂ ਇਲਾਵਾ ਸੱਭ ਵਿਅਰਥ ਗਿਆ। ਨਾ ਮੈਂ ਸਾਮਰਾਜ ਦਾ ਸੱਚਾ ਸੁੱਚਾ ਪ੍ਰਬੰਧ ਕਰ ਸਕਿਆ, ਨਾ ਹੀ ਮੈਂ ਪਰਜਾ ਦਾ ਪਾਲਕ ਬਣਿਆ। ਇਹ ਬਹੁਮੁੱਲਾ ਜੀਵਨ ਵਿਅਰਥ ਹੀ ਬੀਤ ਗਿਆ। ਮੇਰਾ ਖ਼ੁਦਾ ਹਰ ਸਮੇਂ ਮੇਰੇ ਪਾਸ ਸੀ ਪਰ ਮੇਰੀਆਂ ਅੰਨੀਆਂ ਅੱਖਾਂ ਉਸ ਦਾ ਜਲਵਾ ਨਾ ਦੇਖ ਸਕੀਆਂ। ਜਿਸਮ ਨਿਢਾਲ ਹੋ ਗਿਆ ਹੈ, ਹੁਣ ਹੱਡੀਆਂ ਹੀ ਰਹਿ ਗਈਆਂ ਹਨ। ਮੈਂ ਆਪਣੇ ਨਾਲ ਕੁਝ ਵੀ ਨਹੀਂ ਲਿਆਇਆ ਸੀ, ਪਰ ਹੁਣ ਪਾਪਾਂ ਦਾ ਭਾਰ ਆਪਣੇ ਨਾਲ ਲਿਜਾ ਰਿਹਾ ਹਾਂ। ਮੈਨੂੰ ਪਤਾ ਨਹੀਂ ਕਿ ਮੈਨੂੰ ਕੀ ਦੰਡ ਮਿਲਣ ਵਾਲਾ ਹੈ, ਭਾਂਵੇ ਕਿ ਖ਼ੁਦਾ ਦੇ ਰਹਿਮ ਦੀ ਪੂਰੀ ਆਸ ਹੈ। ਪਰ ਆਪਣੇ ਕਰਮਾਂ ਦੇ ਕਾਰਨ ਮੈਨੂੰ ਇਹ ਚਿੰਤਾ ਛੱਡ ਨਹੀਂ ਰਹੀ। ਜਦ ਮੈਂ ਹੀ ਆਪਣੇ ਤੋਂ ਜੁਦਾ ਹੋ ਰਿਹਾ ਹਾਂ ਤਾਂ ਦੂਜਾ ਕੌਣ ਮੇਰੇ ਨਾਲ ਰਹੇਗਾ।

ਮੇਰੇ ਹੱਥੀ ਸੀਤੀਆਂ ਹੋਈਆਂ ਟੋਪੀਆਂ ਦੀ ਆਮਦਨ ਤੋਂ ਬਚੇ ਹੋਏ ਚਾਰ ਰੁਪਏ ਦੋ ਆਨੇ ਮਹਾਲਦਾਰ ਅੱਲਾ ਬੇਗ ਕੋਲ ਪਏ ਹਨ, ਉਸ ਕੋਲੋਂ ਲੈ ਕੇ ਮੇਰਾ ਕਫ਼ਨ ਬਣਾਉਣਾ। ਕੁਰਾਨ

ਪਾਕ ਦੀਆਂ ਨਕਲਾਂ ਨਾਲ ਕਮਾਏ ਹੋਏ 305/- ਰੁਪਏ ਮੇਰੇ ਬਟੂਏ ਵਿਚ ਹਨ, ਉਹ ਗਰੀਬਾਂ ਵਿਚ ਵੰਡ ਦੇਣੇ। ਇਸ ਵਿਚੋਂ ਕੋਈ ਰਕਮ ਮੇਰੇ ਕਫ਼ਨ-ਦਫ਼ਨ ਤੇ ਖਰਚ ਨਹੀਂ ਕਰਨੀ"


ਇਸ ਨੂੰ ਪੜ੍ਹਨ ਤੋਂ ਬਾਅਦ ਉਸਦੇ ਜ਼ੁਲਮਾਂ ਬਾਰੇ ਦੱਸਣ ਦੀ ਲੋੜ ਨਹੀਂ, ਪਰ ਇਹ ਦੱਸਣ ਨਾਲ ਗੱਲ ਹੋਰ ਸਪਸ਼ਟ ਹੋ ਜਾਵੇਗੀ ਕਿ ਉਸਨੇ ਆਪਣੇ ਸ਼ਹਿਨਸ਼ਾਹ ਪਿਤਾ ਨੂੰ ਜੇਲ ਵਿਚ ਸੁੱਟ ਕੇ ਭੁੱਖ-ਪਿਆਸਾ ਮਾਰਿਆ, ਆਪਣੇ ਭਰਾ ਦਾਰਾ ਸ਼ਿਕੋਹ ਅਤੇ ਮੁਰਾਦ ਨੂੰ ਕਤਲ ਕੀਤਾ। ਆਪਣੀ ਭੈਣ ਰੌਸ਼ਨ ਆਰਾ ਅਤੇ ਬੇਟੀ ਜ਼ੈਬ-ਉਲ-ਨਿਸਾ ਨੂੰ ਮਿੱਠਾ ਜ਼ਹਿਰ ਦੇ ਕੇ ਮਾਰਿਆ। ਆਪਣੇ ਇਕ ਪੁੱਤਰ ਨੂੰ ਮਰਵਾ ਦਿੱਤਾ, ਦੂਜੇ ਨੂੰ ਦੇਸ਼ ਨਿਕਾਲਾ ਦਿੱਤਾ ਤੇ ਤੀਜੇ ਨੂੰ ਪਰਿਵਾਰ ਸਮੇਤ 7 ਸਾਲ ਬੰਦੀ ਬਣਾ ਕੇ ਰੱਖਿਆ। ਐਸੇ ਸ਼ਹਿਨਸ਼ਾਹ ਤੋਂ ਆਮ ਜੰਤਾ ਦੇ ਬਾਰੇ ਕੀ ਆਸ ਕੀਤੀ ਜਾ ਸਕਦੀ ਸੀ।

ਹੁਣ ਉਸ ਅੱਤ ਦੀ ਗੱਲ ਕਰਦੇ ਹਾਂ, ਜੋ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਕੀਤੀ। ਔਰੰਗਜ਼ੇਬ ਨੇ ਆਪਣੀ ਧਾਰਮਿਕ ਨੀਤੀ ਅਨੁਸਾਰ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ ਹੋਇਆ ਸੀ। ਫਿਰ ਉਸ ਨੂੰ ਖਿਆਲ ਆਇਆ ਕਿ ਜੇ ਮੈਂ ਉਹਨਾਂ ਬ੍ਰਹਾਮਣਾਂ ਨੂੰ ਮੁਸਲਮਾਨ ਬਣਾ ਲਵਾਂ, ਜੋ ਕਿ ਵਿਦਵਾਨ ਹਨ ਅਤੇ ਧਰਮ ਦਾ ਪ੍ਰਚਾਰ ਕਰਦੇ ਹਨ, ਤਾਂ ਆਮ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਸੌਖਾ ਹੋ ਜਾਵੇਗਾ। ਭਾਈ ਮਨੀ ਸਿੰਘ ਜੀ ਲਿਖਦੇ ਹਨ,"ਏਕ ਦਿਨ ਏਸ (ਔਰੰਗਜ਼ੇਬ) ਵਿਚਾਰਿਆ, ਇਹ ਬ੍ਰਹਮਣ ਜੋ ਹੈਨਿ, ਹਿੰਦੂਆਂ ਨੂੰ ਵਿਦਿਆ ਦਿੰਦੇ ਹੈਨਿ, ਅਗਰ ਇਨਕੋ ਦੀਨ ਮੇਂ ਲੇ ਆਵਾਂ ਤਾਂ ਸੱਭ ਹਿੰਦੂ ਧਰਮ ਹੀਨ ਹੋਇਕੈ ਮੇਰੇ ਮਜ਼੍ਹਬ ਮੇਂ ਆਂਵਹਿਗੇ।" ਇਸ ਵਿਚਾਰ ਨਾਲ ਉਸ ਨੇ ਇਫ਼ਤਿਖਾਰ ਖਾਨ ਨੂੰ 'ਸ਼ੇਰ ਅਫ਼ਗਾਨ' ਦਾ ਖਿਤਾਬ ਦੇ ਕੇ ਕਸ਼ਮੀਰ ਦਾ ਗਵਰਨਰ ਨਿਯੁਕਤ ਕਰ ਦਿੱਤਾ ਤੇ ਹਦਾਇਤ ਕੀਤੀ ਕਿ ਬ੍ਰਹਾਮਣਾਂ ਨੂੰ ਪ੍ਰੇਰ ਕੇ, ਲਾਲਚ ਦੇ ਕੇ ਜਾਂ ਜ਼ੁਲਮ ਕਰਕੇ ਮੁਸਲਮਾਨ ਬਣਾਇਆ ਜਾਵੇ। ਉਸ ਨੇ ਮੁਖੀ ਪੰਡਿਤਾਂ ਨੂੰ ਬੁਲਾ ਕੇ ਫ਼ੈਸਲਾ ਕਰਨ ਲਈ ਛੇ ਮਹੀਨੇ ਦਾ ਸਮਾਂ ਦਿੱਤਾ।

ਇਹਨਾਂ ਨੇ 500 ਬ੍ਰਹਾਮਣਾਂ ਦਾ ਇਕੱਠ ਕੀਤਾ ਅਤੇ ਇਹ ਫ਼ੈਸਲਾ ਕੀਤਾ ਕਿ ਅਮਰਨਾਥ ਜਾ ਕੇ ਭਗਵਾਨ ਸ਼ਿਵ ਜੀ ਕੋਲ ਪ੍ਰਾਰਥਨਾ ਕੀਤੀ ਜਾਵੇ ਕਿ ਉਹ ਆਪਣਾ ਤੀਜਾ ਨੇਤਰ ਖੋ੍ਲ ਕੇ ਹਿੰਦੂ ਧਰਮ ਦੀ ਰੱਖਿਆ ਕਰਨ। ਉਸੇ ਰਾਤ ਇਹਨਾਂ ਦੇ ਮੁਖੀ ਪੰਡਿਤ ਕਿਰਪਾ ਰਾਮ ਜੀ ਨੂੰ ਸ਼ਿਵ ਜੀ ਨੇ ਸੁਪਨੇ ਵਿਚ ਆ ਕੇ ਦਰਸ਼ਨ ਦਿੱਤੇ ਅਤੇ ਆਨੰਦਪੁਰ ਵਿਚ ਗੁਰੂ ਤੇਗ ਬਹਾਦਰ ਜੀ ਕੋਲ ਜਾ ਕੇ ਹਿੰਦੂ ਧਰਮ ਦੀ ਰਖਿਆ ਕਰਨ ਅਤੇ ਬਾਂਹ ਫੜਨ ਦੀ ਬੇਨਤੀ ਕਰਨ ਦਾ ਹੁਕਮ ਦਿੱਤਾ। ਉਸ ਨੇ ਆਪਣੇ ਸੰਗੀਆਂ ਨੂੰ ਦੱਸਿਆ। ਬ੍ਰਾਹਮਣਾਂ ਦਾ ਇਕ ਟੋਲਾ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਪੰਜਾਬ ਲਈ ਚੱਲ ਪਿਆ। ਪਹਿਲਾਂ ਇਹ ਸ੍ਰੀ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਗਏ। ਉਥੇ ਅਰਦਾਸ ਕਰਕੇ ਆਨੰਦਪੁਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ ਵਿਚ ਜਾ ਹਾਜ਼ਰੀ ਲਗਵਾਈ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਪ੍ਰਸ਼ਾਦਾ ਪਾਣੀ ਛੱਕ ਕੇ ਅਰਾਮ ਕਰਨ ਅਤੇ ਅਗਲੇ ਦਿਨ ਦਰਬਾਰ ਵਿਚ ਹਾਜ਼ਰ ਹੋਣ ਲਈ ਕਿਹਾ।

ਅਗਲੇ ਦਿਨ ਦੀਵਾਨ ਦੀ ਸਮਾਪਤੀ ਤੋਂ ਬਾਅਦ ਗੁਰੂ ਸਾਹਿਬ ਜੀ ਨੂੰ ਪੰਡਿਤ ਕਿਰਪਾ ਰਾਮ ਨੇ ਕਸ਼ਮੀਰ ਦੇ ਗਵਰਨਰ ਦਾ ਹੁਕਮ ਅਤੇ ਭਗਵਾਨ ਸ਼ਿਵ ਜੀ ਦੇ ਸੁਪਨੇ ਵਿਚ ਹੋਏ ਆਦੇਸ਼ ਬਾਰੇ ਬਿਆਨ ਕਰਦੇ ਹੋਏ ਹਿੰਦੂ ਧਰਮ ਦੀ ਰਾਖੀ ਕਰਨ ਦੀ ਬੇਨਤੀ ਕੀਤੀ। ਆਪ ਜੀ ਕਿਰਪਾ ਕਰਕੇ ਹਿੰਦੂਆਂ ਦੀ ਬਾਂਹ ਫੜੋ। "ਔਰੰਗਜ਼ੇਬ ਦੇ ਜ਼ੁਲਮਾਂ ਤੋਂ ਹਿੰਦੂ ਧਰਮ ਨੂੰ ਬਚਾਉਣ ਲਈ

ਕਿਸੇ ਮਹਾਂਪੁਰਸ਼ ਦੇ ਬਲੀਦਾਨ ਦੀ ਲੋੜ ਹੈ" ਗੁਰੂ ਸਾਹਿਬ ਜੀ ਅਜੇ ਇਹ ਕਹਿ ਹੀ ਰਹੇ ਸਨ ਕਿ ਬਾਲ (ਗੁਰੂ) ਗੋਬਿੰਦ (ਸਿੰਘ) ਜੀ ਦਰਬਾਰ ਵਿਚ ਆ ਗਏ ਅਤੇ ਪਿਤਾ ਗੁਰੂ ਜੀ ਨੂੰ ਪੁੱਛਿਆ ਕਿ ਉਸਤਾਦ ਜੀ ਨਾਲ ਇਹ ਭਲੇ ਪੁਰਸ਼ ਕਿਉਂ ਆਏ ਹਨ? ਇਹ ਕੀ ਕਹਿ ਰਹੇ ਹਨ? ਗੁਰੂ ਸਾਹਿਬ ਜੀ ਨੇ ਕਿਹਾ ਇਹਨਾਂ ਦੀ ਸਮੱਸਿਆ ਬਹੁਤ ਵੱਡੀ ਹੈ ਅਤੇ ਇਹ ਤਾਂ ਹੀ ਹੱਲ ਹੋ ਸਕਦੀ ਹੈ ਜੇ ਕਰ ਕੋਈ ਮਹਾਂਪਰੁਸ਼ ਆਪਣਾ ਬਲੀਦਾਨ ਦੇਵੇ। ਬਾਲ (ਗੁਰੂ) ਗੋਬਿੰਦ (ਸਿੰਘ) ਜੀ ਨੇ ਇਕ ਦਮ ਕਿਹਾ ਪਿਤਾ ਜੀ ਆਪ ਤੋਂ ਵੱਡਾ ਮਹਾਂਪੁਰਸ਼ ਇਸ ਦੇਸ਼ ਵਿਚ ਕੌਣ ਹੈ।



ਗੁਰੂ ਸਾਹਿਬ ਜੀ ਦੇ ਚਿਹਰੇ ਤੇ ਇਕ ਦਮ ਮੁਸਕਾਰਹਟ ਆਈ ਅਤੇ ਉਹਨਾਂ ਨੇ ਪੰਡਿਤ ਕਿਰਪਾ ਰਾਮ ਜੀ ਨੂੰ ਕਹਿ ਦਿੱਤਾ ਕਿ ਔਰੰਗਜ਼ੇਬ ਨੂੰ ਸੁਨੇਹਾ ਭਿਜਵਾ ਦਿਓ ਕਿ ਜੇ ਕਰ ਉਹ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲੈਣ ਤਾਂ ਅਸੀਂ ਸਾਰੇ ਹਿੰਦੂ ਧਰਮ ਛੱਡ ਕੇ ਮੁਸਲਮਾਨ ਹੋ ਜਾਵਾਂਗੇ। ਸਾਰੇ ਬ੍ਰਹਾਮਣ ਖੁਸ਼ੀ ਖੁਸ਼ੀ ਵਾਪਸ ਗਏ ਅਤੇ ਗਵਰਨਰ ਸ਼ੇਰ ਅਫ਼ਗਾਨ ਨੂੰ ਗੁਰੂ ਸਾਹਿਬ ਜੀ ਦਾ ਸੁਨੇਹਾ ਦੇ ਦਿੱਤਾ। ਉਸਨੇ ਇਹ ਵਾਰਤਾ ਔਰੰਗਜ਼ੇਬ ਨੂੰ ਹਸਨ ਅਬਦਾਲ ਵਿਚ ਜਾ ਕੇ ਸੁਣਾਈ। ਉਹ ਸੁਣ ਕੇ ਬਹੁਤ ਖੁਸ਼ ਹੋਇਆ ਕਿ ਹੁਣ ਤਾਂ ਕੰਮ ਹੀ ਬਹੁਤ ਅਸਾਨ ਹੋ ਗਿਆ। ਕੇਵਲ ਇਕ ਨੂੰ ਇਸਲਾਮ ਵਿਚ ਲੈ ਕੇ ਆਉਣਾ ਹੈ। ਉਸਦਾ ਸਾਰੇ ਦੇਸ਼ ਨੂੰ ਇਸਲਾਮ ਧਰਮ ਵਿਚ ਬਦਲਣ ਦਾ ਸੁਪਨਾ ਛੇਤੀ ਹੀ ਪੂਰਾ ਹੁੰਦਾ ਦਿਸਣ ਲੱਗ ਪਿਆ।

ਇਕ ਵਾਰੀ ਪਹਿਲਾਂ ਵੀ 1665 ਈਸਵੀ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਕਿਉਂਕਿ ਔਰੰਗੇ ਨੂੰ ਲਗਦਾ ਸੀ ਕਿ ਉਹਨਾਂ ਦਾ ਉਪਦੇਸ਼ "ਭੈ ਕਾਹੂ ਕਉ ਦੇਤਿ ਨਹਿ ਨਹਿ ਭੈਅ ਮਾਨਤਿ ਆਨਿ॥" ਲੋਕਾਂ ਨੂੰ ਹਕੂਮਤ ਦੇ ਵਿਰੁਧ ਭੜਕਾਉਣ ਲਈ ਹੈ। ਨਵਾਬ ਸੈਫ਼ਖਾਨ ਦੇ ਕਹਿਣ ਤੇ ਜਦੋਂ ਦਰਸ਼ਨ ਕੀਤੇ ਤਾਂ ਤਸੱਲੀ ਹੋ ਗਈ ਸੀ ਅਤੇ ਉਹਨਾਂ ਨੂੰ ਛੱਡ ਦਿਤਾ ਗਿਆ ਸੀ। ਹੁਣ 10 ਸਾਲ ਬਾਅਦ ਫਿਰ ਉਸਦੀ ਨੀਤੀ ਦੇ ਵਿਰੁਧ ਬ੍ਰਹਾਮਣਾਂ ਦੀ ਬਾਂਹ ਫੜਨਾ ਉਸਨੂੰ ਚੁੱਭ ਰਿਹਾ ਸੀ। ਪਰ ਬਹੁਤ ਸੋਚ ਵਿਚਾਰ ਕੇ ਉਸਨੇ ਉਹਨਾਂ ਦੀ ਗ੍ਰਿਫ਼ਤਾਰੀ ਦਾ ਹੁਕਮ 6 ਮਹੀਨੇ ਬਾਅਦ ਹੀ ਦਿੱਤਾ।

ਗੁਰੂ ਸਾਹਿਬ ਜੀ ਨੇ ਬ੍ਰਹਾਮਣਾਂ ਨੂੰ ਦਿੱਤੇ ਕੌਲ ਅਨੁਸਾਰ ਦਿੱਲੀ ਜਾਣ ਦੀ ਤਿਆਰੀ ਆਰੰਭ ਦਿੱਤੀ। ਗੁਰੂ ਸਾਹਿਬ ਜੀ ਨੇ 8 ਜੁਲਾਈ 1675 ਈਸਵੀ ਨੂੰ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਬਾਲਕ ਗੋਬਿੰਦ ਰਾਏ ਜੀ ਨੂੰ ਕੋਲ ਬੁਲਾਇਆ। ਉਹਨਾਂ ਨੂੰ ਸਤਿਕਾਰ ਨਾਲ ਤਖ਼ਤ ਤੇ ਬਿਠਾਇਆ। ਆਪ ਉਹਨਾਂ ਦਾ ਕਮਰਕਸਾ ਕੀਤਾ। ਗੁਰਗੱਦੀ ਦੇਣ ਦੀ ਸਮੱਗਰੀ ਮੰਗਵਾਈ।

ਪਿਤਾ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਬਖਸ਼ੇ ਹੋਏ ਸ਼ਸਤਰ ਵੀ ਆਪ ਪਹਿਨਾਏ। ਪੰਜ ਪੈਸੇ ਤੇ ਨਾਰਅੀਲ ਭੇਟ ਕੀਤਾ। ਤਿੰਨ ਪਰਿਕਰਮਾ ਕਰਕੇ ਮੱਥਾ ਟੇਕਿਆ। ਭਾਈ ਰਾਮ ਕੁੰਵਰ ਜੀ, ਜੋ ਬਾਬਾ ਬੁੱਢਾ ਜੀ ਦੀ ਵੰਸ਼ ਵਿਚੋਂ ਸਨ, ਨੇ ਤਿਲਕ ਲਗਾਇਆ ਅਤੇ ਮੱਥਾ ਟੇਕਿਆ।(ਇਹ ਬਾਅਦ ਵਿਚ ਅੰਮ੍ਰਿਤ ਛੱਕ ਕੇ ਭਾਈ ਗੁਰਬਖਸ਼ ਸਿੰਘ ਬਣੇ) ਸਾਰੀ ਸੰਗਤ ਨੇ ਮੱਥਾ ਟੇਕ ਦਿੱਤਾ।

ਦਿੱਲੀ ਜਾਣ ਤੋਂ ਪਹਿਲਾਂ ਮਾਤਾ ਨਾਨਕੀ ਜੀ, ਮਹਿਲ (ਮਾਤਾ) ਗੁਜਰੀ ਜੀ ਅਤੇ ਗੁਰਸਿੱਖਾਂ ਨੂੰ ਸਾਰੀਆਂ ਜ਼ਿਮੇਂਵਾਰੀਆਂ ਸੰਭਾਲ ਦਿੱਤੀਆਂ। ਤੁਰਨ ਲੱਗੇ ਇਹ ਪਤਾ ਲੱਗਿਆ ਕਿ ਔਰੰਗਜ਼ੇਬ ਅਜੇ ਦਿੱਲੀ ਵਿਚ ਨਹੀਂ ਹੈ, ਉਹ ਤਾਂ ਹਸਨ ਅਬਦਾਲ (ਪੰਜਾ ਸਾਹਿਬ) ਕਿਸੇ ਮੁਹਿੰਮ ਤੇ ਗਿਆ ਹੋਇਆ ਹੈ। ਗੁਰੂ ਸਾਹਿਬ ਜੀ ਨੇ ਇਸ ਸਮੇਂ ਨੂੰ ਪ੍ਰਚਾਰ ਲਈ ਵਰਤਣ ਦਾ ਮਨ ਬਣਾ ਲਿਆ। ਦਿੱਲੀ ਦੀ ਬਜਾਏ ਆਗਰੇ ਜਾਣ ਦੀ ਯੋਜਨਾ ਬਣਾਈ ਗਈ ਕਿਉਂਕਿ ਔਰੰਗਜ਼ੇਬ ਦੀ ਰਾਜਧਾਨੀ ਹਾਲੀ ਆਗਰੇ ਵਿਚ ਹੀ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਜੱਫ਼ੀ ਵਿਚ ਲੈ ਕੇ ਕਿਹਾ,"ਜਿਸ ਪਿਤਾ ਨੂੰ ਆਪ ਜੈਸਾ ਬਾਲਕ ਮਿਲੇ, ਉਸ ਨੂੰ ਪਰਿਵਾਰਿਕ ਕੋਈ ਚਿੰਤਾ ਨਹੀਂ ਰਹਿੰਦੀ"। ਬਾਅਦ ਵਿਚ ਮਾਤਾ ਜੀ ਅਤੇ ਮਹਿਲ (ਮਾਤਾ) ਗੁਜਰੀ ਜੀ ਨੂੰ ਮਿਲਕੇ ਉਹਨਾਂ ਤੋਂ ਵਿਦਾਇਗੀ ਲਈ ਅਤੇ ਕਰਤਾਰ ਦੇ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਜੀ ਨੇ ਆਪਣੇ 5 ਸਿੱਖਾਂ ਨੂੰ ਨਾਲ ਲਿਆ। ਇਹ ਸਨ – ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਅਤੇ ਭਾਈ ਊਦਾ ਜੀ।

ਆਨੰਦਪੁਰ ਸਾਹਿਬ ਤੋਂ ਚੱਲ ਕੇ ਗੁਰੂ ਸਾਹਿਬ ਜੀ ਨਵਾਬ ਸੈਫ਼ ਖਾਨ ਕੋਲ ਪਹੁੰਚ ਗਏ। ਇੱਥੋਂ ਅੱਗੇ ਪਟਿਆਲਾ, ਸਮਾਣਾ ਪੁੱਜੇ। ਇਥੇ ਪਠਾਣਾਂ ਦੀ ਗੜ੍ਹੀ ਵਿਚ ਨਿਵਾਸ ਕੀਤਾ। ਕੁਝ ਦਿਨ ਵਿਸਰਾਮ ਕਰਕੇ ਪਹੋਏ, ਜੀਂਦ ਅਤੇ ਰੋਹਤਕ ਦੇ ਰਸਤੇ ਆਗਰੇ ਪਹੁੰਚ ਗਏ। ਇਥੇ ਇੱਕ ਬਾਗ ਵਿਚ ਡੇਰਾ ਕੀਤਾ। ਗੁਰੂ ਸਾਹਿਬ ਜੀ ਮਾਈ ਜੱਸੀ ਦੇ ਘਰ ਉਸ ਦੀ ਇੱਛਾ ਪੂਰੀ ਕਰਨ ਗਏ। ਇਥੇ ਇਕ ਆਜੜੀ ਦੀ ਗਰੀਬੀ ਕੱਟਣ ਦੀ ਵਾਰਤਾ ਇਤਿਹਾਸ ਵਿਚ ਦਰਜ ਹੈ। ਬਾਗ ਦੇ ਨੇੜੇ ਹੀ ਇਕ ਆਜੜੀ ਸੱਯਦ ਅਲੀ ਭੇਡਾਂ ਚਾਰ ਰਿਹਾ ਸੀ। ਗੁਰੂ ਸਾਹਿਬ ਜੀ ਨੇ ਉਸ ਨੂੰ ਬੁਲਾ ਕੇ ਇਕ ਹੀਰਿਆਂ ਜੜੀ ਮੁੰਦੀ (ਅੰਗੂਠੀ) ਅਤੇ ਇਕ ਦੁਸ਼ਾਲਾ ਦੇ ਕੇ ਕਿਹਾ ਕਿ ਸਾਨੂੰ ਹਲਵਾਈ ਦੀ ਦੁਕਾਨ ਤੋਂ ਮਠਿਆਈ ਲਿਆ ਦੇ। ਹਲਵਾਈ ਨੇ ਸ਼ੱਕ ਕਰਕੇ ਉਸਦੀ ਕੋਤਵਾਲ ਕੋਲ ਸ਼ਿਕਾਇਤ ਕਰ ਦਿੱਤੀ। ਉਸ ਆਜੜੀ ਰਾਹੀਂ ਕੋਤਵਾਲ ਨੇ ਗੁਰੂ ਸਾਹਿਬ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਇਆਲਾ ਜੀ ਨੂੰ ਗ੍ਰਿਫਤਾਰ ਕਰ ਲਿਆ। ਗੁਰੂ ਸਾਹਿਬ ਜੀ ਨੇ ਸਰਕਾਰ ਵੱਲੋਂ ਰੱਖਿਆ ਇਨਾਮ ਉਸ ਆਜੜੀ ਨੂੰ ਦਿਵਾ ਕੇ ਉਸਦੀ ਗਰੀਬੀ ਦੂਰ ਕਰ ਦਿੱਤੀ। ਗੁਰੂ ਸਾਹਿਬ ਜੀ ਨੇ ਨੀਤੀ ਵਰਤ ਕੇ ਭਾਈ ਊਦਾ ਜੀ ਅਤੇ ਭਾਈ ਗੁਰਦਿੱਤਾ ਜੀ ਨੂੰ ਹਾਲਾਤ ਤੇ ਨਜ਼ਰ ਰੱਖਣ ਲਈ ਦਿੱਲੀ ਰਵਾਨਾ ਕਰ ਦਿਤਾ ਸੀ।

ਗੁਰੂ ਸਾਹਿਬ ਜੀ ਅਤੇ ਸਾਥੀਆਂ ਨੂੰ ਆਗਰੇ ਤੋਂ ਦਿੱਲੀ ਪੁਹੰਚਾਇਆ ਗਿਆ। ਇਥੇ ਇਕ ਪੁਰਾਣੀ ਤੇ ਉਜਾੜ ਹਵੇਲੀ ਵਿਚ ਰੱਖਿਆ ਗਿਆ। ਅਗਲੇ ਦਿਨ ਗੁਰੂ ਸਾਹਿਬ ਜੀ ਨੂੰ ਉਸ ਸੁੰਞੀ ਹਵੇਲੀ ਤੋਂ ਕੋਤਵਾਲੀ ਲਿਜਾਇਆ ਗਿਆ ਅਤੇ ਪਿੰਜਰੇ ਵਿਚ ਪਾਕੇ ਰੱਖਿਆ ਗਿਆ। ਤਿੰਨਾਂ ਸਿੱਖਾਂ ਨੂੰ ਵੀ ਪੇਸ਼ ਕੀਤਾ ਗਿਆ। ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਗੁਰੂ ਸਾਹਿਬ ਜੀ ਨੂੰ ਤਿੰਨ ਰਸਤਿਆਂ ਵਿਚੋਂ ਇਕ ਚੁਣਨ ਲਈ ਕਿਹਾ ਗਿਆ। ਇਕ ਰਸਤਾ ਤਾਂ ਸ਼ਾਹੀ ਠਾਠ ਵਾਲੀ ਜ਼ਿੰਦਗੀ ਦਾ ਸੀ, ਜੋ ਇਸਲਾਮ ਕਬੂਲ ਕਰਨ ਤੋਂ ਪਿਛੋਂ ਮਿਲਣੀ ਸੀ। ਦੂਜਾ ਰਸਤਾ ਕਰਾਮਾਤ

ਦਿਖਾ ਕੇ ਰਾਮ ਰਾਇ ਦੀ ਤਰ੍ਹਾਂ ਜਾਗੀਰਾਂ ਲੈਣ ਦਾ ਸੀ। ਤੀਜਾ ਰਸਤਾ ਸੀ ਮੌਤ ਦਾ। ਗੁਰੂ ਸਾਹਿਬ ਜੀ ਮੁਸਕਰਾ ਕੇ ਬੋਲੇ, "ਆਪਣੇ ਦੀਨ ਨੂੰ ਛੱਡਣਾ ਮਨਜ਼ੂਰ ਨਹੀਂ। ਕਰਾਮਾਤ ਕਹਿਰ ਦਾ ਨਾਮ ਹੈ, ਇਹ ਵੀ ਕਬੂਲ ਨਹੀਂ। ਮੌਤ ਤੋਂ ਸਾਨੂੰ ਭੈਅ ਨਹੀਂ ਜਦੋਂ ਮਰਜ਼ੀ ਦੇ ਦਿਓ।" ਕਈ ਵਾਰ ਦੁਹਰਾਉਣ ਤੋਂ ਬਾਅਦ ਗੁਰੂ ਸਾਹਿਬ ਜੀ ਦੇ ਇਨਕਾਰ ਤੋਂ ਪਿਛੋਂ ਤਸੀਹੇ ਦੇਣੇ ਸ਼ੁਰੂ ਕੀਤੇ ਗਏ। ਭੁੱਖਾ ਰੱਖਿਆ ਗਿਆ। ਪਿੰਜਰਾ ਅਜਿਹਾ ਲਿਆਂਦਾ ਗਿਆ, ਜਿਸ ਵਿਚ ਕੇਵਲ ਖੜਾ ਹੀ ਹੋਇਆ ਜਾ ਸਕਦਾ ਸੀ, ਜੇ ਜ਼ਰਾ ਜਿੰਨਾ ਵੀ ਹਿਲਦੇ ਤਾਂ ਪਿੰਜਰੇ ਵਿਚ ਲੱਗੀਆਂ ਮੇਖਾਂ ਸਰੀਰ ਨੂੰ ਛਿੱਲ ਦਿੰਦੀਆਂ। ਜਦੋਂ ਦਿੱਲੀ ਦੀ ਸੰਗਤ ਤੇ ਧਨਾਢ ਵਪਾਰੀਆਂ ਨੂੰ ਇਹ ਪਤਾ ਲੱਗਿਆ ਕਿ ਗੁਰੂ ਸਾਹਿਬ ਜੀ ਨੂੰ ਤਸੀਹੇ ਦਿੱਤੇ ਜਾ ਰਹੇ ਹਨ ਤਾਂ ਉਹਨਾਂ ਨੇ ਕਾਜ਼ੀ ਵਹਾਬ ਅਲੀ ਨੂੰ ਇਕ ਕਰੋੜ ਰੁਪਏ ਲੈ ਕੇ ਗੁਰੂ ਸਾਹਿਬ ਜੀ ਨੂੰ ਛੱਡਣ ਅਤੇ ਰਾਜੇ ਨੂੰ ਇਹ ਕਹਿਣ ਲਈ ਮਨਾ ਲਿਆ ਸੀ ਕਿ ਗੁਰੂ ਕਰਾਮਾਤ ਕਰਕੇ ਪਿੰਜਰੇ ਵਿਚੋਂ ਗਾਇਬ ਹੋ ਗਿਆ ਹੈ। ਰਕਮ ਵੀ ਇਕੱਠੀ ਕਰ ਲਈ ਗਈ ਸੀ, ਪਰ ਗੁਰੂ ਸਾਹਿਬ ਜੀ ਨੇ ਸਿੱਖਾਂ ਤੇ ਨਾਜ਼ ਕਰਦੇ ਕਿਹਾ ਸੀ, "ਤੁਹਾਡੀ ਸ਼ਰਧਾ ਨੂੰ ਨਮਸਕਾਰ ਹੈ ਪਰ ਇਹ ਸੱਭ ਗੁਰੂ ਨਾਨਕ ਸਾਹਿਬ ਦੀ ਸਿੱਖੀ ਦੇ ਵਿਰੁਧ ਹੈ।

ਭਾਈ ਮਤੀ ਦਾਸ ਜੀ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਤੁਸੀਂ ਆਗਿਆ ਦਿਓ ਤਾਂ ਦਿੱਲੀ ਭਸਮ ਕਰ ਦਿਆਂ? ਗੁਰੂ ਸਾਹਿਬ ਜੀ ਨੇ ਤਾੜਨਾ ਕਰਦੇ ਹੋਏ ਕਿਹਾ, 'ਇਹ ਸ਼ਕਤੀ ਕਿਥੋਂ ਲਈ?' ਭਾਈ ਸਾਹਿਬ ਜੀ ਦਾ ਜੁਆਬ ਸੀ, 'ਗੁਰੂ ਦੀ ਬਾਣੀ ਤੇ ਗੁਰੂ ਦੀ ਸੇਵਾ ਤੋਂ'। ਗੁਰੂ ਜੀ ਨੇ ਸਮਝਾਇਆ, "ਸਦਾ ਪ੍ਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੈ। ਜਿਹੜੇ ਸਮੁੰਦਰ ਵਿਚੋਂ ਦੋ ਬੂੰਦਾਂ ਲੈ ਕੇ ਇਹ ਸ਼ਕਤੀ ਆਈ ਹੈ, ਉਸ ਸਮੁੰਦਰ ਦੇ ਵਹਿਣ ਤੋਂ ਸਦਾ ਡਰ ਕੇ ਰਹੀਦਾ ਹੈ।" ਜਦੋਂ ਗੁਰੂ ਸਾਹਿਬ ਜੀ ਨਾ ਮੰਨੇ ਤਾਂ ਉਹਨਾਂ ਦੇ ਸਿੱਖਾਂ ਤੇ ਵੀ ਇਹੀ ਜਾਲ ਵਿਛਾਇਆ ਗਿਆ। ਦੀਨ ਵਿਚ ਆ ਕੇ ਸ਼ਾਹੀ ਮਹਿਲਾਂ, ਹੂਰਾਂ ਅਤੇ ਸੁੱਖਾਂ ਦਾ ਚੋਗਾ ਸੁੱਟਿਆ ਗਿਆ ਕਿਉਂਕਿ ਪਹਿਰੇਦਾਰਾਂ ਰਾਹੀਂ ਔਰੰਗਜ਼ੇਬ ਤੱਕ ਇਹ ਗੱਲ ਪਹੁੰਚ ਚੁੱਕੀ ਸੀ ਕਿ ਇਹ ਸਿੱਖ ਵੀ ਕਰਾਮਾਤੀ ਹਨ ਅਤੇ ਗੁਰੂ ਜੀ ਨੇ ਇਹਨਾਂ ਨੂੰ ਐਸਾ ਕਰਨ ਤੋਂ ਮਨਾ ਕਰ ਦਿੱਤਾ ਹੈ। ਅਹਿਲਕਾਰਾਂ ਨੇ ਵੀ ਇਹਨਾਂ ਨੂੰ ਤੋੜਨ ਅਤੇ ਕਰਾਮਾਤ ਦਿਖਾਉਣ ਲਈ ਮਨਾਉਣ ਤੇ ਪੂਰਾ ਜ਼ੋਰ ਲਾਇਆ। ਅਤਿ ਤਸੀਹੇ ਵਾਲੀ ਮੌਤ ਦਾ ਡਰ ਦਿਤਾ ਗਿਆ। ਜਦੋਂ ਉਹਨਾਂ ਤੇ ਕੋਈ ਅਸਰ ਨਾ ਹੋਇਆ ਤਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਨ ਦਾ ਹੁਕਮ ਸੁਣਾਇਆ ਗਿਆ। ਉਹਨਾਂ ਨੇ ਹੱਸ ਕੇ ਮੌਤ ਕਬੂਲ ਕੀਤੀ ਤੇ ਇਕੋ ਸ਼ਰਤ ਰੱਖੀ ਕਿ ਆਰਾ ਚਲਾਉਂਦੇ ਸਮੇਂ ਮੇਰਾ ਮੂੰਹ ਗੁਰੂ ਸਾਹਿਬ ਜੀ ਵੱਲ ਰੱਖਿਆ ਜਾਵੇ। ਉਹ ਤਾਂ ਪਹਿਲਾਂ ਹੀ ਇਹ ਸੋਚੀ ਬੈਠੇ ਸਨ ਕਿ ਇਸ ਨੂੰ ਮੌਤ ਦੀ ਸਜ਼ਾ ਗੁਰੂ ਦੇ ਸਾਹਮਣੇ ਦਿੱਤੀ ਜਾਵੇਗੀ ਤਾਂ ਕਿ ਉਸ ਦੇ ਮਨ ਵਿਚ ਭੈ ਪੈਦਾ ਹੋਵੇ। ਦਿੱਲੀ ਵਿਚ ਮੁਨਾਦੀ ਕਰਾਈ ਗਈ ਕਿ ਕੱਲ ਨੂੰ ਚਾਂਦਨੀ ਚੌਕ ਵਿਚ ਗੁਰੂ ਦੇ ਸਿੱਖਾਂ ਨੂੰ ਸੱਭ ਦੇ ਸਾਹਮਣੇ ਭਿਆਨਕ ਮੌਤ ਦੀ ਸਜ਼ਾ ਦਿੱਤੀ ਜਾਵੇਗੀ।

ਅਗਲੇ ਦਿਨ ਚਾਂਦਨੀ ਚੌਕ ਵਿਚ ਲੋਕ ਤਮਾਸ਼ਾ ਦੇਖਣ ਪੁੱਜੇ ਹੋਏ ਸਨ। ਗੁਰੂ ਕੇ ਸਿੱਖ ਭਾਈ ਊਦਾ ਜੀ, ਭਾਈ ਗੁਰਦਿੱਤਾ ਜੀ, ਭਾਈ ਨਾਨੂੰ ਅਤੇ ਹੋਰ ਕਈ ਸਿੱਖ ਮੁਸਲਮਾਨੀ ਭੇਸ ਵਿਚ ਭਾਣਾ ਵਰਤਦਾ ਦੇਖ ਵਾਹਿਗੁਰੂ ਮੰਤਰ ਦਾ ਜਾਪ ਕਰ ਰਹੇ ਸਨ। ਜਲਾਦ ਸੱਦੇ ਗਏ। ਫੱਟੇ ਤੇ ਆਰਾ ਵੀ ਆ ਗਿਆ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਿੰਜਰੇ ਦੇ ਸਾਹਮਣੇ ਭਾਈ ਮਤੀ ਦਾਸ ਨੂੰ ਲਿਆਂਦਾ ਗਿਆ। ਹੁਕਮ ਦੇਣ ਵਾਲੇ ਕਾਜ਼ੀ ਤੇ ਕੋਤਵਾਲ ਸੱਭ ਹਾਜ਼ਰ ਹੋ ਗਏ। ਭਾਈ

ਮਤੀ ਦਾਸ ਨੂੰ ਫੱਟਿਆਂ ਦੇ ਵਿਚ ਬੰਨਿਆ ਗਿਆ। ਗੁਰੂ ਸਾਹਿਬ ਜੀ ਅਤੇ ਭਾਈ ਮਤੀ ਦਾਸ ਨੂੰ ਆਖ਼ਰੀ ਵਾਰੀ ਤਿੰਨੋਂ ਬਚਨ ਦੁਹਰਾਏ ਗਏ। ਉਹਨਾਂ ਦੇ ਜਵਾਬ ਬਿਨਾਂ ਭੈਅ-ਡਰ ਤੋਂ ਹਮੇਸ਼ਾਂ ਦੀ ਤਰਾਂ ਉਹੀ ਸਨ। ਉਸ ਦਿਨ ਚਾਂਦਨੀ ਚੌਕ ਵਿਚ ਹਾਜ਼ਰ ਸਾਰੇ ਲੋਕਾਂ ਦੇ ਚਿਹਰਿਆਂ ਤੇ ਭੈ ਸੀ।




ਗੁਰੂ ਸਾਹਿਬ ਜੀ ਤੇ ਭਾਈ ਮਤੀ ਦਾਸ ਜੀ ਸ਼ਾਂਤ ਤੇ ਅਡੋਲ ਸਨ। ਕਾਜ਼ੀ ਤੇ ਕੋਤਵਾਲ ਵੀ ਗੁਰੂ ਤੇ ਗੁਰਸਿੱਖ ਦੀ ਆਪਣੇ ਧਰਮ ਪ੍ਰਤੀ ਦ੍ਰਿੜਤਾ ਨੂੰ ਦੇਖ ਦੇ ਕੇ ਹੈਰਾਨ ਸਨ। ਆਖ਼ਿਰ ਕਾਜ਼ੀ ਨੇ ਕੋਤਵਾਲ ਨੂੰ ਅਤੇ ਕੋਤਵਾਲ ਨੇ ਜਲਾਦਾਂ ਨੂੰ ਆਰਾ ਚਲਾਉਣ ਦਾ ਹੁਕਮ ਦਿੱਤਾ। ਗੁਰੂ ਸਾਹਿਬ ਜੀ ਨੇ ਅਤੇ ਭਾਈ ਮਤੀ ਦਾਸ ਜੀ ਨੇ 'ਜਪੁਜੀ' ਦਾ ਪਾਠ ਆਰੰਭ ਕੀਤਾ। ਸਿਰ ਤੇ ਆਰਾ ਚੱਲਦਾ, ਖ਼ੂਨ ਡੁੱਲਦਾ ਤੇ ਬਿਨਾਂ ਕਿਸੇ ਦਰਦ ਵਾਲੀ ਉੱਚੀ ਆਵਾਜ਼ ਵਿਚ ਪਾਠ ਹੁੰਦਾ ਦੇਖ ਕਈ ਕਮਜ਼ੋਰ ਦਿਲ ਤਾਂ ਖਿਸਕ ਹੀ ਗਏ। ਕੁੱਝ ਹੀ ਸਮੇਂ ਵਿਚ ਭਾਈ ਮਤੀ ਦਾਸ ਜੀ ਦੇ ਸਰੀਰ ਦੇ ਦੋ ਟੁਕੜੇ ਹੋ ਗਏ। ਕਾਜ਼ੀ ਕੋਤਵਾਲ ਸਮੇਤ ਸੱਭ ਹੈਰਾਨ ਸਨ ਕਿ ਸਰੀਰ ਦੇ ਦੋਵੇਂ ਟੁਕੜਿਆਂ ਵਿਚੋਂ ਪਾਠ ਦੀ ਆਵਾਜ਼ ਆ ਰਹੀ ਸੀ, "ਜਿਨੀ ਨਾਮ ਧਿਆਇਆ ਗਏ ਮਸਕਤ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥"

ਅਗਲੇ ਦਿਨ ਇਸੇ ਤਰ੍ਹਾਂ ਲੋਕਾਂ ਦੀ ਭੀੜ ਵਿਚ ਭਾਈ ਦਿਆਲਾ ਜੀ ਨੂੰ ਗੁਰੂ ਸਾਹਿਬ ਜੀ ਦੇ ਸਾਹਮਣੇ ਦੇਗ਼ ਵਿਚ ਉਬਾਲਿਆ ਗਿਆ। ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ ਦੇ ਸਕੇ ਭਰਾ ਸਨ। ਇਹ ਭਾਈ ਮਨੀ ਸਿੰਘ ਜੀ ਤੋਂ ਵੱਡੇ ਸਨ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਬਹੁਤ ਪਿਆਰ ਵਾਲੇ ਸਿੱਖ ਸਨ। ਗੁਰੂ ਸਾਹਿਬ ਜੀ ਉਹਨਾਂ ਨੂੰ ਹਮੇਸ਼ਾਂ 'ਭਾਈ ਜੀ' ਕਹਿ ਕੇ ਬੁਲਾਇਆ ਕਰਦੇ ਸਨ। ਗੁਰੂ ਸਾਹਿਬ ਜੀ ਵੱਲੋਂ ਪਟਨੇ ਦੀ ਸੰਗਤ



ਦੇ ਨਾਮ ਜਾਰੀ ਕੀਤੇ ਕਈ ਹੁਕਨਾਮਿਆਂ ਵਿਚ ਭਾਈ ਦਿਆਲ ਦਾਸ ਜੀ ਦਾ ਨਾਮ ਆਉਂਦਾ ਹੈ, ਜਿਸ ਵਿਚ ਸੰਗਤ ਨੂੰ ਹੁਕਮ ਕੀਤਾ ਗਿਆ ਕਿ ਭਾਈ ਦਿਆਲ ਦਾਸ ਜੀ ਦਾ ਕਹਿਆ ਸਾਡਾ ਹੁਕਮ ਜਾਣ ਕਰ ਮੰਨਣਾ। ਸ਼ਹੀਦੀ ਤੋਂ ਪਹਿਲਾਂ ਉਹਨਾਂ ਵੱਲੋਂ ਕੀਤੀ ਅਰਦਾਸ ਨੂੰ ਸੁਣ ਕੇ ਕਾਜ਼ੀ ਤੇ ਕੋਤਵਾਲ ਸਮੇਤ ਸਾਰੇ ਲੋਕ ਹੈਰਾਨ ਸਨ ਤੇ ਅਜਿਹਾ ਪ੍ਰਤੀਤ ਹੋ ਰਿਹਾ ਸੀ ਕਿ ਗੁਰੂ ਦੀ ਜੋਤ ਦਾ ਕੁਝ ਨਾ ਕੁਝ ਅੰਸ਼ ਉਹਨਾਂ ਵਿਚ ਵਰਤ ਰਿਹਾ ਹੈ। ਉਹ ਅਰਦਾਸ ਕਰ ਰਹੇ ਸਨ,"ਹੇ ਗੁਰੂ ਅਰਜਨ ਦੇਵ ਜੀ, ਇਕ ਸਮੇਂ ਤੁਸੀਂ ਚੰਦੂ ਤੇ ਜਹਾਂਗੀਰ ਦੀ ਦੇਗ਼ ਵਿਚ ਉਬਾਲੇ ਗਏ ਸੀ। ਅੱਜ ਆਪ ਜੀ ਔਰੰਗਜ਼ੇਬ ਦੀ ਦੇਗ਼ ਵਿਚ ਉਬਲਦੇ ਸਿੱਖ ਦੀ ਲਾਜ ਰੱਖੋ।' ਉਥੇ ਹਾਜ਼ਰ ਸਾਰੇ ਲੋਕਾਂ ਨੇ ਲਪਟਾਂ ਛੱਡਦੀ ਅੱਗ ਉਪਰ ਉਬਲਦੇ ਦੇਗ਼ੇ ਵਿਚੋਂ '੧ੴ ਤੋਂ ਲੈਕੇ ਕੇਤੀ ਛੁਟੀ ਨਾਲਿ' ਤੱਕ ਆਂਉਦੀ ਉੱਚੀ ਆਵਾਜ਼ ਸੁਣੀ। ਉਸ ਤੋਂ ਬਾਅਦ ਆਵਾਜ਼ ਤੇ ਅੱਗ ਦੋਵੇਂ ਸ਼ਾਂਤ ਹੋ ਗਈਆਂ।

ਅਗਲੇ ਦਿਨ ਭਾਈ ਸਤੀ ਦਾਸ ਜੀ ਨੂੰ ਲਿਆਂਦਾ ਗਿਆ। ਗੁਰੂ ਸਾਹਿਬ ਜੀ ਦੇ ਸਾਹਮਣੇ ਰੂੰ ਵਿਚ ਲਪੇਟ ਕੇ ਅੱਗ ਲਗਾ ਦਿੱਤੀ ਗਈ। ਕੋਤਵਾਲ ਤੇ ਕਾਜ਼ੀ ਵੱਲੋਂ ਰੂੰ ਵਿਚ ਲਪੇਟਣ ਦੀ ਸਜ਼ਾ ਇਹ ਸੋਚ ਕੇ ਦਿੱਤੀ ਗਈ ਕਿ ਉਹ ਗੁਰੂ ਨਾਨਕ ਸਾਹਿਬ ਦਾ ਮੰਤਰ 'ਜਪੁਜੀ' ਪੂਰਾ ਨਾ ਕਰ ਸਕੇ ਅਤੇ ਉਸ ਨੂੰ ਦਰਦ ਮਹਿਸੂਸ ਹੋਵੇ ਕਿਉਂਕਿ ਰੂੰ ਨੇ ਬਹੁਤ ਛੇਤੀ ਅੱਗ ਫੜਨੀ ਸੀ ਤੇ ਆਪਣੇ ਨਾਲ ਹੀ ਭਾਈ ਸਤੀ ਦਾਸ ਨੂੰ ਵੀ ਸਾੜ ਦੇਣਾ ਸੀ। ਕਾਜ਼ੀ ਦਾ ਵਿਚਾਰ ਸੀ ਕਿ ਜਦੋਂ ਉਹ ਗੁਰੂ ਦਾ ਬਖ਼ਸ਼ਿਆ ਮੰਤਰ ਪੜ੍ਹਦੇ ਹਨ ਤਾਂ ਉਹਨਾਂ ਨੂੰ ਕੋਈ ਤਕਲੀਫ਼ ਨਹੀਂ ਹੁੰਦੀ। ਉਹ ਤਾਂ ਦਰਦ ਨਾਲ ਤੜਪਦੇ ਤੇ ਚੀਕਾਂ ਮਾਰਦੇ ਸਿੱਖ ਨੂੰ ਦੇਖਣਾ ਚਾਹੁੰਦੇ ਸਨ, ਪਰ ਉਹ ਇਥੇ ਵੀ ਫ਼ੇਲ ਹੋਏ, ਕਿਉਂ ਕਿ ਜਲਾਦ ਵੱਲੋਂ ਭਾਈ ਸਾਹਿਬ ਦੇ ਆਲੇ ਦੁਆਲੇ ਬਹੁਤ ਜ਼ਿਆਦਾ ਰੂੰ ਲਪੇਟੀ ਗਈ ਤਾਂ ਕਿ ਸਰੀਰ ਪੂਰੀ ਤਰ੍ਹਾਂ ਭਸਮ ਹੋ ਜਾਵੇ। ਨਾ ਕਾਜ਼ੀ, ਨਾ ਕੋਤਵਾਲ ਤੇ ਨਾ ਹੀ ਜਲਾਦ ਦੇ ਮਨ ਵਿਚ ਇਹ ਖਿਆਲ ਆਇਆ ਕਿ ਪਹਿਲਾਂ ਤਾਂ ਰੂੰ ਦੀ ਬਾਹਰੀ ਪਰਤ ਨੂੰ ਹੀ ਅੱਗ ਲੱਗਣੀ ਹੈ। ਜਦੋਂ ਤੱਕ ਭਾਈ ਸਤੀ ਦਾਸ ਜੀ ਦੇ ਸਰੀਰ ਨੂੰ ਅਗਨੀ ਜਲਾਉਂਦੀ, ਉਹ ਆਪਣਾ ਪਾਠ ਮੁਕੰਮਲ ਕਰ ਚੁੱਕੇ ਸਨ। ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਦੋਵੇਂ ਭਰਾ ਸਨ। ਇਹ ਭਾਈ ਪਿਰਾਗਾ ਜੀ ਦੇ ਪੋਤੇ ਸਨ, ਜੋ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਸਿੱਖੀ ਵਿਚ ਆਏ ਸਨ। ਗੁਰੂ ਅਰਜਨ ਦੇਵ ਜੀ ਨੇ ਉਹਨਾਂ ਨੂੰ 'ਭਾਈ' ਦਾ ਖ਼ਿਤਾਬ ਬਖਸ਼ਿਆ, ਜੋ ਉਹਨਾਂ ਦੇ ਖਾਨਦਾਨ ਵਿਚ ਚਲਦਾ ਰਿਹਾ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਭਾਈ ਪਿਰਾਗਾ ਜੀ ਨੂੰ ਆਪਣੀ ਫ਼ੌਜ ਦੇ ਇਕ ਜੱਥੇ ਦੀ ਕਮਾਂਡ ਵੀ ਸੌਂਪੀ ਹੋਈ ਸੀ। ਉਹਨਾਂ ਤੋਂ ਬਾਅਦ ਵਿਚ ਉਹਨਾਂ ਦੇ ਪੁੱਤਰ ਭਾਈ ਹੀਰਾ ਨੰਦ ਜੀ ਗੁਰੂ ਹਰਿ ਰਾਇ ਸਾਹਿਬ ਜੀ




ਦੇ ਸਮੇਂ ਸੇਵਾ ਕਰਦੇ ਰਹੇ। ਉਹਨਾਂ ਤੋਂ ਬਾਅਦ ਇਹ ਦੋਵੇਂ ਭਰਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨਾਲ ਦਿੱਲੀ ਵੀ ਗਏ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਦੀਵਾਨ ਭਾਈ ਦਰਗਾਹ ਮੱਲ ਜੀ ਇਹਨਾਂ ਦੇ ਚਾਚਾ ਜੀ ਸਨ। 'ਸ਼ਹੀਦ' ਦਾ ਮਰਤਬਾ ਸਿੱਖੀ ਦੀ 'ਹੱਦ' ਹੈ ਜੋ ਬਾਣੀ ਅਤੇ ਸੇਵਾ ਤੋਂ ਪ੍ਰਾਪਤ ਹੁੰਦਾ ਹੈ ਅਤੇ ਜੁੱਗਾਂ-ਜੁੱਗਾਂ ਤੱਕ ਕਾਇਮ ਰਹਿੰਦਾ ਹੈ।

ਇਹਨਾਂ ਤਿੰਨਾਂ ਸਿੱਖਾਂ ਦੀ ਅਡੋਲ ਸ਼ਹੀਦੀ ਅਤੇ ਗੁਰੂ ਸਾਹਿਬ ਜੀ ਦੀ ਸ਼ਾਂਤ ਅਵਸਥਾ ਦੀ ਖ਼ਬਰ ਔਰੰਗਜ਼ੇਬ ਤੱਕ ਪਹੁੰਚ ਚੁੱਕੀ ਸੀ। ਉਸ ਦਾ ਹੁਕਮ ਵੀ ਆ ਚੁੱਕਾ ਸੀ ਕਿ ਕਿਸੇ ਵੀ ਤਰ੍ਹਾਂ ਗੁਰੂ ਨੂੰ ਇਸਲਾਮ ਵਿਚ ਲਿਆਂਦਾ ਜਾਵੇ। ਕੋਈ ਵੀ ਤਰਕੀਬ ਵਰਤੀ ਜਾਵੇ। ਡਰ ਦਿੱਤਾ ਜਾਵੇ। ਫ਼ਰੇਬ ਵਰਤੇ ਜਾਣ। ਗੁਰੂ ਦੀ ਸ਼ਹੀਦੀ ਤੋਂ ਬਾਅਦ ਕਿਸੇ ਨਾ ਕਿਸੇ ਰੂਪ ਵਿਚ ਆਉਂਦਾ ਤੁਫ਼ਾਨ ਉਸ ਨੂੰ ਸਾਫ਼ ਦਿਖਾਈ ਦੇ ਰਿਹਾ ਸੀ। ਪੂਰੇ ਦੇਸ਼ ਵਿਚ ਇਸਲਾਮੀ ਕਰਨ ਦਾ ਸੁਪਨਾ ਫ਼ੇਲ ਹੁੰਦਾ ਲੱਗ ਰਿਹਾ ਸੀ। ਮੁੱਖ ਕਾਜ਼ੀ ਅਬਦੁਲ ਵਹਾਬ ਵੋਹਰਾ ਨੂੰ ਇਹ ਜ਼ਿੰਮੇਵਾਰੀ ਸੌਂਪੀਂ ਗਈ। ਇਕ ਪੂਰਾ ਦਿਨ ਉਸ ਨੇ ਆਪਣਾ ਪੂਰਾ ਤਾਣ ਲਾ ਕੇ ਗੁਰੂ ਸਾਹਿਬ ਜੀ ਨੂੰ ਇਸਲਾਮ ਕਬੂਲ ਕਰਨ ਲਈ ਲਗਾਇਆ ਪਰ ਉਸ ਨੂੰ ਕੋਈ ਸਫ਼ਲਤਾ ਨਹੀਂ ਮਿਲੀ ਬਲਿਕ ਉਸਨੂੰ ਵੀ ਗੁਰੂ ਸਾਹਿਬ ਜੀ ਨੇ ਬਹੁਤ ਸ਼ਾਂਤ ਅਤੇ ਨਿਮਰਤਾ ਭਰੇ ਸ਼ਬਦਾਂ ਵਿਚ ਸਮਝਾਇਆ,"ਅੱਲਾਹ ਨੂੰ ਵਿਸਾਰ ਕੇ ਅਤੇ ਜ਼ੁਲਮੀ ਸ਼ਹਿਨਸ਼ਾਹ ਦੇ ਆਖੇ ਲੱਗ ਕੇ ਤੁਸੀਂ ਵੀ ਪਾਪ ਦੇ ਭਾਗੀ ਬਣ ਰਹੇ ਹੋ। ਜ਼ੋਰ ਤੇ ਜਬਰ ਨਾਲ ਕਿਸੇ ਨੂੰ ਆਪਣੇ ਧਰਮ ਵਿਚ ਲਿਆਉਣਾ ਅੱਲਾਹ ਪਾਕ ਨੂੰ ਭਾਂਵਦਾ ਨਹੀਂ।" ਇਸ ਤੇ ਖਿੱਝ ਕੇ ਉਸ ਨੇ ਦੋ ਟੁੱਕ ਗੱਲ ਮੁਕਾਈ,'ਕਲਮਾਂ ਪੜੋ ਜਾਂ ਕਰਾਮਾਤ ਦਿਖਲਾਵਹੁ ਜਾਂ ਮਰਨਾ ਕਬੂਲ ਕਰੋ।" ਗੁਰੂ ਸਾਹਿਬ ਜੀ ਨੇ ਵੀ ਆਪਣੇ ਸ਼ਬਦ ਦੁਹਰਾਏ,"ਧਰਮ ਤਿਆਗਣਾ ਪ੍ਰਵਾਨ ਨਹੀਂ। ਕਰਾਮਾਤ ਕਹਿਰ ਦਾ ਦੂਜਾ ਨਾਮ ਹੈ, ਜੋ ਅਸੀਂ ਨਹੀਂ ਕਰ ਸਕਦੇ। ਕੇਵਲ ਸ਼ਹੀਦੀ ਪ੍ਰਵਾਨ ਹੈ।" ਕਾਜ਼ੀ ਨੇ ਸਿਰ ਧੜ ਤੋਂ ਜੁਦਾ ਕਰਨ ਦਾ ਫ਼ਤਵਾ (ਹੁਕਮ) ਸੁਣਾ ਦਿੱਤਾ।

ਸ਼ਹਿਰ ਵਿਚ ਢੰਡੋਰਾ ਫਿਰਵਾ ਦਿੱਤਾ ਗਿਆ। ਚੌਂਕ ਵਿਚ ਇਕ ਉੱਚਾ ਥੜਾ ਤਿਆਰ ਕਰਵਾਇਆ ਗਿਆ। ਜਲਾਦ ਜਲਾਲ-ਉਦ-ਦੀਨ ਨੇ ਤਲਵਾਰ ਤੇਜ਼ ਕਰ ਲਈ। ਦੂਜੇ ਪਾਸੇ ਦਿਲਵਾਲੀ ਮੁਹੱਲੇ ਵਿਚ ਭਾਈ ਜੈਤਾ ਜੀ ਦੇ ਘਰ ਭਾਈ ਨਾਨੂ ਜੀ, ਭਾਈ ਊਦਾ ਜੀ, ਭਾਈ ਗੁਰਦਿੱਤਾ ਜੀ, ਭਾਈ ਲੱਖੀ ਸ਼ਾਹ ਜੀ ਅਤੇ ਭਾਈ ਨਗਾਹੀਆ ਜੀ ਅਤੇ ਹੋਰ ਸਿੱਖ ਇਕੱਠੇ ਹੋ ਕੇ ਵਿਚਾਰ ਕੀਤੀ ਕਿ ਕਿਸੇ ਵੀ ਹਾਲਤ ਵਿਚ ਗੁਰੂ ਸਾਹਿਬ ਜੀ ਦੇ 'ਸੀਸ' ਅਤੇ 'ਧੜ' ਦੀ ਬੇਅਦਬੀ ਨਹੀਂ ਹੋਣ ਦੇਣੀ। ਪੂਰੀ ਯੋਜਨਾ ਬਣਾ ਕੇ ਉਹਨਾਂ ਨੇ ਆਪਣੀ ਯੋਜਨਾ ਦੀ ਸਫ਼ਲਤਾ ਲਈ ਅਰਦਾਸ ਕੀਤੀ ਅਤੇ ਤਿਆਰੀ ਵਿਚ ਜੁਟ ਗਏ। ਆਪਣੀਆਂ ਜ਼ਿੰਮੇਵਾਰੀਆਂ ਸੰਭਾਲ ਲਈਆਂ ਗਈਆਂ।

11 ਨਵੰਬਰ,1675 ਈਸਵੀ ਨੂੰ ਗੁਰੂ ਸਾਹਿਬ ਜੀ ਨੂੰ ਪਿੰਜਰੇ ਵਿਚੋਂ ਬਾਹਰ ਕੱਢਿਆ ਗਿਆ। ਪਹਿਰੇ ਵਧਾ ਦਿੱਤੇ ਗਏ। ਗੁਰੂ ਸਾਹਿਬ ਜੀ ਨੇ ਕੋਤਵਾਲੀ ਵਿਚ ਹੀ ਬਣੀ ਖੂਹੀ ਤੇ ਇਸ਼ਨਾਨ ਕੀਤਾ। ਖੂਹੀ ਨੇੜੇ ਬੈਠ ਕੇ 'ਜਪੁਜੀ' ਦਾ ਪਾਠ ਕੀਤਾ। ਦੁਪਹਿਰ ਢਲੇ ਗੁਰੂ ਸਾਹਿਬ ਜੀ ਨੂੰ ਕੋਤਵਾਲੀ ਤੋਂ ਬਾਹਰ ਕੱਢਿਆ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋਏ ਸਨ। ਗੁਰਸਿੱਖ ਭੇਸ ਬਦਲ ਕੇ ਆਪਣੀ ਜ਼ਿੰਮੇਂਵਾਰੀ ਨਿਭਾਉਣ ਲਈ ਤਿਆਰ ਖੜੇ ਸਨ। ਅਸਮਾਨ ਸਤਾਰ੍ਹਵੀਂ ਸਦੀ ਦੇ ਮਹਾਨ ਸਾਕੇ ਨੂੰ ਦੇਖਣ ਤੋਂ ਇਨਕਾਰੀ ਹੁੰਦਾ ਜਾ ਰਿਹਾ ਸੀ।



ਅਕਾਸ਼ ਵਿਚ ਗਰਦ-ਗੁਬਾਰ ਜਿਹਾ ਛਾਣ ਲੱਗ ਪਿਆ। ਰੌਸ਼ਨੀ ਘਟਦੀ ਜਾ ਰਹੀ ਸੀ। ਕਾਹਲੀ ਨਾਲ ਆ ਕੇ ਕਾਜ਼ੀ ਨੇ ਗੁਰੂ ਸਾਹਿਬ ਜੀ ਅੱਗੇ ਉਹੀ ਸ਼ਰਤਾਂ ਦੁਹਰਾਈਆਂ। ਗੁਰੂ ਸਾਹਿਬ ਜੀ ਨੇ ਵੀ ਆਪਣਾ ਫ਼ੈਸਲਾ ਸੁਣਾਇਆ,'ਕੇਵਲ ਸ਼ਹੀਦੀ ਹੀ pRwn hY' kwzI ਨੇ ਜਲ੍ਹਾਦ ਨੂੰ ਇਸ਼ਾਰਾ ਕੀਤਾ। ਉਸ ਨੇ ਤਲਵਾਰ ਦੇ ਵਾਰ ਨਾਲ 'ਸੀਸ' 'ਧੜ' ਤੋਂ ਜੁਦਾ ਕਰਕੇ ਸਾਕਾ ਵਰਤਾ ਦਿੱਤਾ। 'ਕਲੂ' ਵਿਚ 'ਸਾਕਾ' ਵਰਤਦੇ ਹੀ ਸੱਭ ਨੇ ਆਪਣੀ ਆਪਣੀ ਜ਼ਿੰਮੇਵਾਰੀ ਸੰਭਾਲ ਲਈ। ਅਸਮਾਨ ਵਿਚੋਂ ਐਸਾ ਗੁਬਾਰ ਉਠਿਆ, ਮਾਨੋ ਧਰਤੀ ਹਿਲ ਰਹੀ ਹੋਵੇ। ਕਾਜ਼ੀ, ਕੋਤਵਾਲ, ਪਹਿਰੇਦਾਰ ਤੇ ਜਲ੍ਹਾਦ ਸਾਰੇ ਅੱਖਾਂ ਮਲਦੇ ਅੰਦਰ ਵੜ ਗਏ। ਭਾਈ ਜੈਤਾ ਜੀ ਨੇ ਭਾਈ ਨਾਨੂੰ ਜੀ ਦੀ ਮੱਦਦ ਨਾਲ ਗੁਰੂ ਸਾਹਿਬ ਜੀ ਦਾ ਸੀਸ ਸੰਭਾਲ ਲਿਆ। ਇਕ ਸਵੱਛ ਕਪੜੇ ਵਿਚ ਲਪੇਟ ਲਿਆ। ਹਫ਼ੜਾ-ਤਫ਼ੜੀ ਮਚਣ ਦੇ ਕਾਰਨ ਉਹ ਭੀੜ ਤੋਂ ਦੂਰ ਨਿਕਲ ਗਏ। ਗੁਰੂ ਸਾਹਿਬ ਜੀ ਦੇ ਧੜ ਦੀ ਸੰਭਾਲ ਲਈ ਭਾਈ ਲੱਖੀ ਸ਼ਾਹ ਵਣਜਾਰਾ ਬਣਾਈ ਹੋਈ ਯੋਜਨਾ ਅਨੁਸਾਰ ਆਪਣਾ ਰੂੰ ਦੇ ਭਰੇ ਗੱਡਿਆਂ ਦਾ ਟਾਂਡਾ ਲੈ ਕੇ ਤਿਆਰ ਸੀ। (ਉਸ ਸਮੇਂ ਦੇ ਟਾਂਡੇ ਨੂੰ ਅੱਜ ਦੀ Transport ਕਹਿ ਸਕਦੇ ਹਾਂ।ਭਾਈ ਲੱਖੀ ਸ਼ਾਹ ਕੋਲ ਉਸ ਸਮੇਂ 10000 ਗੱਡਿਆਂ ਦਾ ਟਾਂਡਾ ਸੀ) ਉਸ ਦਿਨ ਉਸ ਨੇ 100 ਗੱਡੇ ਤਿਆਰ ਕੀਤੇ ਹੋਏ ਸਨ। ਚਾਂਦਨੀ ਚੌਂਕ ਵਿਚ ਉਸ ਟਾਂਡੇ ਵਿਚ ਉਹ ਖੁਦ ਅਤੇ ਉਸ ਦਾ ਪੁੱਤਰ ਭਾਈ ਨਗਾਹੀਆ ਵੀ ਇਕ ਗੱਡੇ ਤੇ ਸਵਾਰ ਸਨ। ਚੌਂਕ ਪਾਰ ਕਰਦੇ ਸਮੇਂ ਅਗਲੇ ਗੱਡੇ ਸਕੀਮ ਅਨੁਸਾਰ ਕੁਝ ਪਲਾਂ ਲਈ ਰੁਕੇ। ਬੱਸ ਉਸੇ ਸਮੇਂ ਵਿਚ ਉਹਨਾਂ ਦੋਹਾਂ ਨੇ ਗੁਰੂ ਸਾਹਿਬ ਜੀ ਦਾ 'ਪਾਵਨ ਧੜ' ਚੁੱਕ ਕੇ ਇਕ ਚਾਦਰ ਵਿਚ ਲਪੇਟ ਲਿਆ ਅਤੇ ਰੂੰ ਦੇ ਗੱਡੇ ਵਿਚ ਬਿਰਾਜਮਾਨ ਕਰਕੇ ਉਸ ਉਪਰ ਹੋਰ ਰੂੰ ਰੱਖ ਕੇ ਲੈ ਗਏ। ਉਸੇ ਰਾਤ 'ਰਾਇ ਸੀਨਾ' ਪਿੰਡ ਵਿਚ ਜਾ ਕੇ ਗੁਰੂ ਸਾਹਿਬ ਜੀ ਦੇ ਪਾਵਨ ਸਰੀਰ ਨੂੰ ਇਕ ਪਲੰਘ ਤੇ ਬਿਰਾਜਮਾਨ ਕਰਕੇ ਆਪਣੇ ਘਰ ਨੂੰ ਹੀ ਅੱਗ ਲਗਾ ਦਿਤੀ। ਇਸ ਤਰ੍ਹਾਂ ਉਹਨਾਂ ਨੇ ਗੁਰੂ ਸਾਹਿਬ ਜੀ ਦੇ ਪਾਵਨ ਸਰੀਰ ਦਾ ਸਸਕਾਰ ਕੀਤਾ। ਇਸ ਥਾਂ ਤੇ ਅੱਜ ਕੱਲ ਗੁਰਦੁਆਰਾ ਰਕਾਬ ਗੰਜ ਸਾਹਿਬ ਬਣਿਆ ਹੋਇਆ ਹੈ।

ਦੂਜੇ ਪਾਸੇ ਭਾਈ ਜੈਤਾ ਜੀ - ਭਾਈ ਨਾਨੂੰ ਜੀ ਅਤੇ ਭਾਈ ਅੱਡਾ ਜੀ ਦੀ ਸਹਾਇਤਾ ਦੇ ਨਾਲ ਪਾਵਨ ਸੀਸ ਨੂੰ ਸਵੱਛ ਜਲ ਨਾਲ ਸਾਫ਼ ਕੀਤਾ। ਤਿੰਨ ਕਪੜਿਆਂ ਵਿਚ ਲਪੇਟ ਕੇ ਇਕ ਟੋਕਰੀ ਵਿਚ ਕਪੜਾ ਵਿਛਾ ਕੇ ਬਿਰਾਜ ਮਾਨ ਕਰ ਦਿਤਾ। ਫਿਰ ਉਸਨੂੰ ਇਕ ਹੋਰ ਕਪੜੇ ਨਾਲ ਢਕ ਦਿਤਾ। ਭਾਈ ਜੈਤਾ ਜੀ ਆਪਣੇ ਸਿਰ ਤੇ ਉਹ ਟੋਕਰੀ ਟਿਕਾ ਕੇ ਆਨੰਦਪੁਰ ਵੱਲ ਚੱਲ ਪਏ। ਇਹ ਤਿੰਨੋਂ ਸਿੱਖ ਇਕੱਠੇ ਨਹੀਂ ਚੱਲ ਰਹੇ। ਭਾਈ ਨਾਨੂੰ ਜੀ ਕੁਝ ਫ਼ਾਸਲਾ ਅੱਗੇ ਹਨ ਅਤੇ ਭਾਈ ਅੱਡਾ ਜੀ ਕੁਝ ਫ਼ਾਸਲਾ ਪਿਛੇ ਹਨ। ਯੋਜਨਾ ਅਨੁਸਾਰ ਸਾਰੇ ਰਸਤੇ ਇਹ ਤਿੰਨੇ ਆਪਸ ਵਿਚ ਨਹੀ ਮਿਲੇ ਪਰ ਰੁਕ ਰੁਕ ਕੇ ਇਕ ਦੂਜੇ ਨੂੰ ਦੇਖਦੇ ਰਹੇ। ਪੰਜਵੇਂ ਦਿਨ ਕੀਰਤਪੁਰ ਪੁਹੰਚ ਕੇ ਹੀ ਮਿਲੇ। ਰਸਤੇ ਵਿਚ ਚਾਰ ਪੜਾਅ ਕੀਤੇ। ਪਹਿਲਾ- ਬਾਗ ਪੱਟ, ਦੂਜਾ- ਤਰਾਵੜੀ, ਤੀਜਾ- ਸਬਜੀ ਮੰਡੀ, ਅੰਬਾਲਾ, ਚੋਥਾ - ਨਾਭਾ ਸਾਹਿਬ। ਕੀਰਤਪੁਰ ਇਸ ਲਈ ਰੁਕੇ ਕਿ ਸ਼ਾਇਦ ਗੁਰੂ ਸਾਹਿਬ ਜੀ ਦੇ ਸੀਸ ਦਾ ਸਸਕਾਰ ਇਥੇ ਕਰਨਾ ਹੋਵੇ, ਕਿਉਂਕਿ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਦਾ ਅੰਗੀਠਾ ਕੀਰਤਪੁਰ ਹੀ ਹੈ। ਭਾਈ ਅੱਡਾ ਜੀ ਇਹ ਸੁਨੇਹਾ ਲੈ ਕੇ ਆਨੰਦਪੁਰ ਗਏ। ਦਸ਼ਮੇਸ਼ ਗੁਰੂ ਜੀ ਨੇ ਸੀਸ ਦਾ ਸਸਕਾਰ ਆਨੰਦਪੁਰ ਸਾਹਿਬ ਕਰਨ ਦਾ ਫ਼ੈਸਲਾ ਕੀਤਾ। ਸੰਗਤ ਕੀਰਤਪੁਰ ਪੁੱਜੀ ਅਤੇ ਪਾਵਨ ਸੀਸ ਨੂੰ ਇਕ ਪਾਲਕੀ ਵਿਚ ਬਿਰਾਜ ਮਾਨ ਕਰਕੇ ਕੀਰਤਨ ਕਰਦੇ ਹੋਏ ਆਨੰਦਪੁਰ ਲੈ ਕੇ ਆਂਦਾ। ਮਾਤਾ ਗੁਜਰੀ ਜੀ ਨੇ ਜਦੋਂ ਗੁਰੂ ਪਤੀ ਦੇ ਸੀਸ ਦੇ ਦਰਸ਼ਨ ਕੀਤੇ ਤਾਂ ਅਡੋਲ ਰਹਿੰਦੇ ਹੋਏ ਨਮਸਕਾਰ ਕੀਤੀ ਅਤੇ ਫ਼ੁਰਮਾਇਆ,"ਤੁਹਾਡੀ ਨਿਭ ਗਈ, ਮੇਰੀ ਵੀ ਨਿਭ ਆਏ।" ਗੁਰੂ ਗੋਬਿੰਦ ਸਿੰਘ ਜੀ ਨੇ ਨਮਸਕਾਰ ਕਰਕੇ ਸੀਸ ਨੂੰ ਗੋਦ ਵਿਚ ਲਿਆ। ਗੁਰਸਿੱਖਾਂ ਸਮੇਤ ਮਿਲ ਕੇ ਗੁਲਾਬ ਜਲ ਨਾਲ ਪਿਤਾ ਗੁਰੂ ਜੀ ਦੇ ਪਾਵਨ ਮੁਖੜੇ ਨੂੰ ਸਾਫ਼ ਕੀਤਾ। ਚੰਦਨ ਦੀ ਚਿਖਾ ਤਿਆਰ ਕੀਤੀ ਗਈ। ਸਸਕਾਰ ਕਰਨ ਉਪਰੰਤ ਗੁਰ ਸੰਗਤ ਨੂੰ ਸੰਬੋਧਨ ਕੀਤਾ,"ਮਨ ਹਲਕਾ ਕਰਨ ਦੀ ਲੋੜ ਨਹੀਂ, ਵੱਡੇ ਗੁਰੂ ਅਰਜਨ ਦੇਵ ਜੀ ਫ਼ੁਰਮਾ ਗਏ ਹਨ ਕਿ ਮਹਾਂ ਪੁਰਸ਼ ਲੋਕਾਈ ਨੂੰ 'ਜੀਅ ਦਾਨ' ਦੇ ਕੇ 'ਭਗਤੀ ਨਾਲ ਲਾਉਣ' ਲਈ ਹੀ ਪ੍ਰਕਾਸ਼ ਲੈਂਦੇ ਹਨ। ਗੁਰੂ ਤੇਗ਼ ਬਹਾਦਰ ਜੀ ਵੀ ਆਪਣੇ 'ਸੀਸ ਦਾ ਬਲੀਦਾਨ' ਦੇ ਕੇ ਸਾਰੇ ਸੰਸਾਰ ਨੂੰ ਜੀਵਨ ਦਾਨ ਦੇ ਗਏ ਹਨ।



ਭਾਈ ਜੈਤਾ ਜੀ ਨੂੰ 'ਰੰਘਰੇਟੇ -ਗੁਰੂ ਕੇ ਬੇਟੇ' ਆਖ ਕੇ ਜੱਫ਼ੀ ਵਿਚ ਲਿਆ। ਭਾਈ ਨਾਨੂੰ ਜੀ ਅਤੇ ਭਾਈ ਅੱਡਾ ਜੀ ਨੂੰ ਵੀ ਪਿਆਰ ਦਿੱਤਾ।

************************